20-DEC-PAGE-1.qxd 12/19/2023 10:20 PM Page 1

ਬੁੱਧਵਾਰ, 20 ਦਸੰਬਰ, 2023
5 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 200

ਨਵਾਂ ਜ਼ਮਾਨਾ

DAILY NAWAN ZAMANA • WEDNESDAY, 20 DECEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਮਿਸ਼ੇਲ ਸਟਾਰਕ ਪੌਣੇ 25 ਕਰੋੜ 'ਚ ਵਿਕਿਆ

ਮੁੰਬਈ : ਆਸਟਰੇਲੀਆ ਦਾ ਮਿਸ਼ੇਲ ਸਟਾਰਕ ਹਮਵਤਨ ਪੈਟ ਕਮਿੰਸ ਨੂੰ ਪਿੱਛੇ ਛੱਡ ਕੇ ਆਈ ਪੀ ਐੱਲ ਇਤਿਹਾਸ ਦਾ ਸਭ ਤੋਂ ਮਹਿੰਗਾ ਖਿਡਾਰੀ ਬਣ ਗਿਆ। ਉਸ ਨੂੰ ਕੋਲਕਾਤਾ ਨਾਈਟ ਰਾਈਡਰਜ਼ ਨੇ 24.75 ਕਰੋੜ ਰੁਪਏ 'ਚ ਖਰੀਦਿਆ। ਇਸ ਤੋਂ ਪਹਿਲਾਂ ਆਸਟਰੇਲੀਆਈ ਕਪਤਾਨ ਪੈਟ ਕਮਿੰਸ ਦੀ ਇਤਿਹਾਸ ਦੇ ਸਭ ਤੋਂ ਮਹਿੰਗੇ ਖਿਡਾਰੀ ਵਜੋਂ ਬੋਲੀ ਲੱਗੀ ਸੀ। ਉਸ ਨੂੰ ਸਨਰਾਈਜ਼ਜ਼ ਹੈਦਰਾਬਾਦ ਨੇ 20.50 ਕਰੋੜ ਰੁਪਏ 'ਚ ਖਰੀਦਿਆ ਸੀ। ਸਨਰਾਈਜ਼ਰਜ਼ ਨੇ ਹੀ ਆਸਟਰੇਲੀਆ ਦੇ ਵਿਸ਼ਵ ਕੱਪ ਫਾਈਨਲ ਦੇ ਹੀਰੋ ਟ੍ਰੈਵਿਸ ਹੈੱਡ ਨੂੰ 6.80 ਕਰੋੜ ਰੁਪਏ 'ਚ ਖਰੀਦਿਆ, ਜਦਕਿ ਰਾਜਸਥਾਨ ਰਾਇਲਜ਼ ਨੇ ਵੈਸਟ ਇੰਡੀਜ਼ ਦੇ ਰੋਵਮੈਨ ਪਾਵੇਲ ਨੂੰ 7.40 ਕਰੋੜ ਰੁਪਏ 'ਚ ਖਰੀਦਿਆ। ਉਸ ਦੀ ਮੂਲ ਕੀਮਤ 2 ਕਰੋੜ ਰੁਪਏ ਸੀ।

ਨਵਲੱਖਾ ਦੀ ਜ਼ਮਾਨਤ ਮਨਜ਼ੂਰ

ਮੁੰਬਈ : ਬੰਬੇ ਹਾਈ ਕੋਰਟ ਨੇ ਮੰਗਲਵਾਰ ਐਲਗਾਰ ਪ੍ਰੀਸ਼ਦ-ਮਾਓਵਾਦੀ ਲਿੰਕ ਕੇਸ ਵਿਚ ਗ੍ਰਿਫਤਾਰ ਸਮਾਜੀ ਕਾਰਕੁਨ ਗੌਤਮ ਨਵਲੱਖਾ ਦੀ ਜ਼ਮਾਨਤ ਮਨਜ਼ੂਰ ਕਰ ਲਈ। ਜਸਟਿਸ ਏ ਐੱਸ ਗਡਕਰੀ ਦੀ ਅਗਵਾਈ ਵਾਲੀ ਡਵੀਜ਼ਨ ਬੈਂਚ ਨੇ ਇਹ ਜ਼ਮਾਨਤ ਮਨਜ਼ੂਰ ਕੀਤੀ। ਕੌਮੀ ਜਾਂਚ ਏਜੰਸੀ ਨੇ ਕੋਰਟ ਨੂੰ ਕਿਹਾ ਕਿ ਉਹ ਇਸ ਫੈਸਲੇ ਖਿਲਾਫ ਸੁਪਰੀਮ ਕੋਰਟ ਵਿਚ ਅਪੀਲ ਕਰਨਾ ਚਾਹੁੰਦੀ ਹੈ, ਇਸ ਕਰਕੇ ਨਵਲੱਖਾ ਨੂੰ ਛੇ ਹੋਰ ਹਫਤੇ ਨਾ ਛੱਡਿਆ ਜਾਵੇ। ਕੋਰਟ ਨੇ ਤਿੰਨ ਹਫਤਿਆਂ ਲਈ ਹੀ ਆਪਣਾ ਫੈਸਲਾ ਸਟੇਅ ਕੀਤਾ। ਅਗਸਤ 2018 ਵਿਚ ਗ੍ਰਿਫਤਾਰ ਕੀਤੇ ਨਵਲੱਖਾ ਪਿਛਲੇ ਸਾਲ ਨਵੰਬਰ ਤੋਂ ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ ਘਰ ਵਿਚ ਨਜ਼ਰਬੰਦ ਹਨ। ਉਹ ਇਸ ਵੇਲੇ ਨਵੀਂ ਮੁੰਬਈ ਵਿਚ ਰਹਿ ਰਹੇ ਹਨ। ਇਸ ਮਾਮਲੇ ਵਿਚ ਜ਼ਮਾਨਤ ਹਾਸਲ ਕਰਨ ਵਾਲੇ ਨਵਲੱਖਾ ਸੱਤਵੇਂ ਮੁਲਜ਼ਮ ਹਨ।

ਧਨੋਏ ਖੁਰਦ 'ਚ ਦੋ ਦਿਨਾਂ 'ਚ ਦੋ ਡਰੋਨ ਮਿਲੇ

ਚੰਡੀਗੜ੍ਹ : ਬੀ ਐੱਸ ਐੱਫ ਨੇ ਸਰਹੱਦ ਨੇੜੇ ਅੰਮ੍ਰਿਤਸਰ ਦੇ ਪਿੰਡ ਧਨੋਏ ਖੁਰਦ ਨੇੜੇ ਡਰੋਨ ਦੇਖਿਆ। ਪੰਜਾਬ ਪੁਲਸ ਨਾਲ ਮਿਲ ਕੇ ਤਲਾਸ਼ੀ ਮੁਹਿੰਮ ਦੌਰਾਨ ਖੇਤ ਵਿੱਚੋਂ ਚੀਨ ਦਾ ਬਣਿਆ ਡਰੋਨ ਅਤੇ 430 ਗ੍ਰਾਮ ਹੈਰੋਇਨ ਦਾ ਪੈਕੇਟ ਬਰਾਮਦ ਹੋਇਆ। ਪੈਕੇਟ ਦੇ ਨਾਲ ਨਾਈਲੋਨ ਰਿੰਗ ਅਤੇ ਛੋਟੀ ਟਾਰਚ ਵੀ ਬਰਾਮਦ ਹੋਈ ਹੈ। ਬੀ ਐੱਸ ਐੱਫ ਜਵਾਨਾਂ ਨੇ ਸੋਮਵਾਰ ਸ਼ਾਮ ਵੀ ਪਿੰਡ ਧਨੋਏ ਖੁਰਦ ਤੋਂ ਚੀਨ ਦਾ ਬਣਿਆ ਡਰੋਨ ਤੇ 540 ਗ੍ਰਾਮ ਹੈਰੋਇਨ ਬਰਾਮਦ ਕੀਤੀ ਸੀ।

ਬੰਗਲਾਦੇਸ਼ 'ਚ ਰੇਲ ਗੱਡੀ ਨੂੰ ਅੱਗ ਲਾਈ, 4 ਮੌਤਾਂ

ਢਾਕਾ : 7 ਜਨਵਰੀ ਨੂੰ ਹੋਣ ਵਾਲੀਆਂ ਆਮ ਚੋਣਾਂ ਕਾਰਨ ਬੰਗਲਾਦੇਸ਼ 'ਚ ਸਿਆਸੀ ਉਥਲ-ਪੁਥਲ ਦਰਮਿਆਨ ਮੰਗਲਵਾਰ ਅਣਪਛਾਤਿਆਂ ਨੇ ਰਾਜਧਾਨੀ ਢਾਕਾ 'ਚ ਯਾਤਰੀ ਰੇਲ ਗੱਡੀ ਨੂੰ ਅੱਗ ਲਾ ਦਿੱਤੀ, ਜਿਸ 'ਚ ਇੱਕ ਔਰਤ ਅਤੇ ਉਸ ਦੇ ਨਾਬਾਲਗ ਪੁੱਤਰ ਸਣੇ 4 ਵਿਅਕਤੀਆਂ ਦੀ ਮੌਤ ਹੋ ਗਈ। ਇਹ ਹਮਲਾ ਮੁੱਖ ਵਿਰੋਧੀ ਧਿਰ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਵੱਲੋਂ ਚੋਣਾਂ ਦਾ ਬਾਈਕਾਟ ਕਰਨ ਅਤੇ ਚੋਣ ਪ੍ਰੋਗਰਾਮ ਦੇ ਵਿਰੁੱਧ ਚੱਲ ਰਹੇ ਪ੍ਰਦਰਸ਼ਨਾਂ ਦੌਰਾਨ ਦੇਸ਼ਵਿਆਪੀ ਬੰਦ ਦੇ ਸੱਦੇ ਸਮੇਂ ਹੋਇਆ। ਪਿਛਲੇ ਕੁਝ ਮਹੀਨਿਆਂ 'ਚ ਰੇਲਗੱਡੀ ਨੂੰ ਅੱਗ ਲਾਉਣ ਦੀ ਇਹ ਪੰਜਵੀਂ ਘਟਨਾ ਹੈ।

ਦਿੱਲੀ ਦੀ ਹਵਾ ਅਜੇ ਵੀ ਖਰਾਬ

ਨਵੀਂ ਦਿੱਲੀ : ਦਿੱਲੀ 'ਚ ਮੰਗਲਵਾਰ ਸਵੇਰੇ 9 ਵਜੇ ਏਅਰ ਕੁਆਲਿਟੀ ਇੰਡੈਕਸ 295 ਦਰਜ ਕੀਤਾ ਗਿਆ, ਜੋ 'ਖਰਾਬ' ਸ਼੍ਰੇਣੀ 'ਚ ਆਉਂਦਾ ਹੈ। ਪਹਿਲਾਂ ਕਿਹਾ ਜਾ ਰਿਹਾ ਸੀ ਕਿ ਪੰਜਾਬ ਤੇ ਹੋਰ ਰਾਜਾਂ 'ਚ ਪਰਾਲੀ ਸਾੜਨ ਕਾਰਨ ਰਾਜਧਾਨੀ ਦੀ ਹਵਾ ਖਰਾਬ ਹੋ ਰਹੀ ਹੈ, ਪਰ ਬੀਤੇ ਕਈ ਦਿਨਾਂ ਤੋਂ ਪਰਾਲੀ ਸਾੜਨ ਦਾ ਰੁਝਾਨ ਲੱਗਭੱਗ ਬੰਦ ਹੈ ਤੇ ਇਸ ਦੇ ਬਾਵਜੂਦ ਦਿੱਲੀ ਦੀ ਹਵਾ ਖਰਾਬ ਸ਼੍ਰੇਣੀ 'ਚ ਆ ਰਹੀ ਹੈ।

ਤਨੂਜਾ ਨੂੰ ਹਸਪਤਾਲੋਂ ਛੁੱਟੀ

ਮੁੰਬਈ : ਅਭਿਨੇਤਰੀ ਤਨੂਜਾ (80) ਨੂੰ ਸੋਮਵਾਰ ਰਾਤ ਜੁਹੂ ਦੇ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ, ਜਿੱਥੇ ਉਸ ਨੂੰ ਆਈ ਸੀ ਯੂ 'ਚ ਰੱਖਿਆ ਗਿਆ ਸੀ। ਉਹ ਅਦਾਕਾਰਾ ਕਾਜੋਲ ਦੀ ਮਾਂ ਤੇ ਅਦਾਕਾਰ ਅਜੈ ਦੇਵਗਨ ਦੀ ਸੱਸ ਹੈ।

'ਇੰਡੀਆ' ਨੇ ਖਿੱਚੀ ਤਿਆਰੀ

ਸੀਟਾਂ ਦੀ ਵੰਡ ਦਾ ਫੈਸਲਾ ਸੂਬਾ ਪੱਧਰ 'ਤੇ, ਸਾਂਸਦਾਂ ਦੀ ਮੁਅੱਤਲੀ ਖਿਲਾਫ ਸ਼ੁੱਕਰਵਾਰ ਦੇਸ਼-ਵਿਆਪੀ ਪ੍ਰੋਟੈੱਸਟ

ਨਵੀਂ ਦਿੱਲੀ : ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ 'ਇੰਡੀਆ' ਦੀ ਮੰਗਲਵਾਰ ਇਥੇ ਹੋਈ ਚੌਥੀ ਮੀਟਿੰਗ ਵਿਚ ਲੋਕ ਸਭਾ ਚੋਣਾਂ ਲਈ ਸੀਟਾਂ ਦੀ ਵੰਡ ਬਾਰੇ ਗੱਲਬਾਤ ਹੋਈ, ਪਰ ਕੋਈ ਅੰਤਮ ਨਤੀਜਾ ਨਹੀਂ ਨਿਕਲਿਆ। ਮੀਟਿੰਗ ਦੇ ਬਾਅਦ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪ੍ਰੈੱਸ ਕਾਨਫਰੰਸ ਵਿਚ ਦੱਸਿਆ ਕਿ ਸੀਟਾਂ ਦੀ ਵੰਡ ਸੂਬਾ ਪੱਧਰ 'ਤੇ ਹੋਵੇਗੀ ਅਤੇ ਜੇ ਕੋਈ ਮੁੱਦਾ ਸਾਹਮਣੇ ਆਉਂਦਾ ਹੈ ਤਾਂ ਉਸ ਨੂੰ ਕੇਂਦਰੀ ਪੱਧਰ 'ਤੇ ਨਜਿੱਠਿਆ ਜਾਵੇਗਾ।

ਮਮਤਾ ਬੈਨਰਜੀ ਤੇ ਅਰਵਿੰਦ ਕੇਜਰੀਵਾਲ ਵੱਲੋਂ ਖੜਗੇ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਦਲਿਤ ਚਿਹਰੇ ਵਜੋਂ ਅੱਗੇ ਕਰਨ ਦੇ ਸੰਬੰਧ ਵਿਚ ਖੜਗੇ ਨੇ ਇਹ ਅਹਿਮ ਗੱਲ ਵੀ ਕਹੀ—ਮੈਂ ਦੱਬੇ-ਕੁਚਲਿਆਂ ਲਈ ਕੰਮ ਕਰਦਾ ਹਾਂ, ਪਰ ਪਹਿਲਾਂ ਸਾਨੂੰ ਜਿੱਤਣਾ ਹੋਵੇਗਾ, ਬਾਅਦ ਵਿਚ ਤੈਅ ਕਰਾਂਗੇ ਕਿ ਪ੍ਰਧਾਨ ਮੰਤਰੀ ਕੌਣ ਹੋਵੇਗਾ। ਜੇ ਸਾਡੇ ਸਾਂਸਦ ਹੀ ਨਹੀਂ ਹੋਣਗੇ ਤਾਂ ਪ੍ਰਧਾਨ ਮੰਤਰੀ ਦੀ ਗੱਲ ਕਰਨ ਦਾ ਕੀ ਫਾਇਦਾ?

ਉਨ੍ਹਾ ਦੱਸਿਆ ਕਿ ਦੇਸ਼ ਭਰ ਵਿਚ ਇੰਡੀਆ ਦੀਆਂ ਘੱਟੋ-ਘੱਟ 8-10 ਮੀਟਿੰਗਾਂ ਹੋਣਗੀਆਂ। ਮੀਟਿੰਗ ਵਿਚ 28 ਆਪੋਜ਼ੀਸ਼ਨ ਪਾਰਟੀਆਂ ਦੇ ਆਗੂਆਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਇੰਡੀਆ ਨੂੰ ਕਿਵੇਂ ਅੱਗੇ ਵਧਾਉਣਾ ਹੈ। ਪਾਰਟੀਆਂ ਨੇ ਸਾਂਸਦਾਂ ਦੀ ਮੁਅੱਤਲੀ ਦੀ ਨਿੰਦਾ ਕਰਦਾ ਮਤਾ ਵੀ ਪਾਸ ਕੀਤਾ ਅਤੇ ਇਸ ਵਿਰੁੱਧ 22 ਦਸੰਬਰ ਨੂੰ ਦੇਸ਼ਵਿਆਪੀ ਪ੍ਰੋਟੈੱਸਟ ਕਰਨ ਦਾ ਫੈਸਲਾ ਕੀਤਾ। ਉਨ੍ਹਾ ਕਿਹਾ—ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਸੋਚਦੇ ਹਨ ਕਿ ਸ਼ਾਸਨ ਕਰਨ ਲਈ ਉਨ੍ਹਾਂ ਤੋਂ ਬਿਹਤਰ ਕੋਈ ਨਹੀਂ ਹੈ, ਅਸੀਂ ਇਸ ਸੋਚ ਨੂੰ ਚੁਣੌਤੀ ਦੇਵਾਂਗੇ।

ਜੇ ਐੱਮ ਐੱਮ ਦੇ ਸਾਂਸਦ ਮਹੂਆ ਮਾਜ਼ੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਚਰਚਾ ਸੀਟਾਂ ਦੀ ਵੰਡ ਨੂੰ ਲੈ ਕੇ ਸੀ। ਕੁਝ ਆਗੂ ਇਕ ਜਨਵਰੀ ਤੋਂ ਪਹਿਲਾਂ ਸੀਟਾਂ ਦੀ ਵੰਡ ਚਾਹੁੰਦੇ ਸਨ, ਤਾਂ ਕਿ ਤਿਆਰੀ ਕੀਤੀ ਜਾ ਸਕੇ। ਪ੍ਰਧਾਨ ਮੰਤਰੀ ਦੇ ਚਿਹਰੇ ਨੂੰ ਲੈ ਕੇ ਵੀ ਚਰਚਾ ਹੋਈ, ਪਰ ਕੋਈ ਅੰਤਮ ਫੈਸਲਾ ਨਹੀਂ ਹੋਇਆ। ਸਭ ਨੇ ਕਿਹਾ ਕਿ ਚੋਣ ਜਿੱਤਣ ਦੇ ਬਾਅਦ ਪ੍ਰਧਾਨ ਮੰਤਰੀ ਦਾ ਫੈਸਲਾ ਹੋਵੇਗਾ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੀਟਿੰਗ ਚੰਗੀ ਰਹੀ। ਪ੍ਰਚਾਰ, ਸੀਟਾਂ ਦੀ ਵੰਡ ਅਤੇ ਹੋਰ ਸਭ ਕੁਝ ਛੇਤੀ ਹੀ ਸ਼ੁਰੂ ਹੋਵੇਗਾ। ਕਨਵੀਨਰ ਦੀ ਚੋਣ ਨਹੀਂ ਹੋਈ।

ਅਖਿਲੇਸ਼ ਯਾਦਵ ਨੇ ਕਿਹਾ ਕਿ ਸਾਰੀਆਂ ਪਾਰਟੀਆਂ ਸੀਟਾਂ ਦੀ ਵੰਡ ਤੋਂ ਬਾਅਦ ਮੈਦਾਨ ਵਿਚ ਨਿਤਰਨ ਲਈ ਤਿਆਰ ਹਨ। ਸੀਟਾਂ ਦੀ ਵੰਡ ਛੇਤੀ ਹੀ ਹੋ ਜਾਵੇਗੀ। ਰਾਜਦ ਸਾਂਸਦ ਮਨੋਜ ਝਾਅ ਨੇ ਕਿਹਾ ਕਿ 31 ਦਸੰਬਰ ਤੋਂ ਪਹਿਲਾਂ ਸੀਟਾਂ ਦੀ ਵੰਡ ਕਰਨ 'ਤੇ ਸਹਿਮਤੀ ਹੋਈ। 30 ਜਨਵਰੀ ਤੋਂ ਸਾਂਝਾ ਚੋਣ ਪ੍ਰਚਾਰ ਸ਼ੁਰੂ ਹੋਵੇਗਾ।

ਮੀਟਿੰਗ ਵਿਚ ਸੋਨੀਆ ਗਾਂਧੀ, ਰਾਹੁਲ ਗਾਂਧੀ, ਖੜਗੇ, ਅਖਿਲੇਸ਼, ਕੇਜਰੀਵਾਲ, ਨਿਤਿਸ਼ ਕੁਮਾਰ, ਲਾਲੂ ਪ੍ਰਸਾਦ ਯਾਦਵ, ਫਾਰੂਕ ਅਬਦੁੱਲਾ, ਸੀਤਾ ਰਾਮ ਯੇਚੁਰੀ, ਮਹਿਬੂਬਾ ਮੁਫਤੀ ਤੇ ਆਰ ਐੱਲ ਡੀ ਦੇ ਜਯੰਤ ਚੌਧਰੀ ਮੌਜੂਦ ਰਹੇ।

ਮੁੱਖ ਮੰਤਰੀ ਵੱਲੋਂ ਕਿਸਾਨਾਂ ਦੇ ਬਕਾਇਆ ਮਸਲਿਆਂ ਦੇ 31 ਮਾਰਚ ਤੱਕ ਹੱਲ ਲਈ ਕਮੇਟੀ ਦਾ ਗਠਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼ ਦੌਰਾਨ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਕਿਸਾਨਾਂ ਦੇ ਵਾਰਸਾਂ ਨੂੰ ਮੁਆਵਜ਼ੇ ਤੇ ਨੌਕਰੀਆਂ ਸਮੇਤ ਹੋਰ ਲਟਕਦੇ ਮਸਲਿਆਂ ਦੇ ਹੱਲ ਲਈ ਇਕ ਕਮੇਟੀ ਦਾ ਗਠਨ ਕਰ ਦਿੱਤਾ ਹੈ। ਪੰਜਾਬ ਭਵਨ ਵਿੱਚ ਵੱਖ-ਵੱਖ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਕਮੇਟੀ ਦੀ ਅਗਵਾਈ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਕਰਨਗੇ, ਜਦੋਂ ਕਿ ਸੀਨੀਅਰ ਆਈ ਏ ਐੱਸ ਅਧਿਕਾਰੀ ਅਤੇ ਕਿਸਾਨ ਜਥੇਬੰਦੀਆਂ ਦੇ ਨੁਮਾਇੰਦੇ ਤੇ ਖੇਤੀਬਾੜੀ ਮਾਹਰ ਮੈਂਬਰਾਂ ਵਜੋਂ ਸ਼ਾਮਲ ਹੋਣਗੇ। ਉਨ੍ਹਾ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਛੇਤੀ ਤੋਂ ਛੇਤੀ ਪੂਰੀਆਂ ਕਰਨੀਆਂ ਯਕੀਨੀ ਬਣਾਉਣ ਲਈ ਇਹ ਕਮੇਟੀ 31 ਮਾਰਚ 2024 ਤੱਕ ਆਪਣੀ ਰਿਪੋਰਟ ਨੂੰ ਅੰਤਮ ਰੂਪ ਦੇਵੇਗੀ। ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਅੰਨਦਾਤਿਆਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਇਕ ਹੋਰ ਏਜੰਡੇ ਬਾਰੇ ਚਰਚਾ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਕੋਲ ਹੋਰ ਰਾਜਾਂ ਲਈ ਪਾਣੀ ਦੀ ਇਕ ਬੂੰਦ ਵੀ ਵਾਧੂ ਨਾ ਹੋਣ ਦੀ ਗੱਲ ਦੁਹਰਾਉਂਦਿਆਂ ਕਿਹਾ ਕਿ ਉਹ 28 ਦਸੰਬਰ ਨੂੰ ਕੇਂਦਰੀ ਜਲ ਸਰੋਤ ਮੰਤਰੀ ਵੱਲੋਂ ਸੱਦੀ ਮੀਟਿੰਗ ਵਿੱਚ ਜ਼ਰੂਰ ਸ਼ਾਮਲ ਹੋਣਗੇ। ਮੀਟਿੰਗ ਵਿੱਚ ਉਹ ਪੰਜਾਬ ਦਾ ਪੱਖ ਪੁਖ਼ਤਗੀ ਨਾਲ ਕੇਂਦਰ ਸਰਕਾਰ ਅੱਗੇ ਰੱਖਣਗੇ। ਪੰਜਾਬ ਕੋਲ ਕਿਸੇ ਹੋਰ ਰਾਜ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਅਤੇ ਮੀਟਿੰਗ ਵਿੱਚ ਇਹ ਗੱਲ ਜ਼ੋਰਦਾਰ ਢੰਗ ਨਾਲ ਰੱਖੀ ਜਾਵੇਗੀ। ਉਹ ਕਿਸੇ ਤੋਂ ਡਰਦੇ ਨਹੀਂ ਅਤੇ ਕੇਂਦਰ ਸਰਕਾਰ ਵੱਲੋਂ ਸੱਦੀ ਮੀਟਿੰਗ ਦੌਰਾਨ ਉਹ ਸੂਬੇ ਦੇ ਹਿੱਤਾਂ ਦੀ ਰਾਖੀ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਪਹਿਲੀ ਜਨਵਰੀ ਤੋਂ 13 ਅਪਰੈਲ ਤੱਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ, ਜਿਸ ਦੌਰਾਨ ਜ਼ਮੀਨ ਦੀ ਸਹਿਮਤੀ ਨਾਲ ਤਕਸੀਮ ਕਰਨ ਲਈ ਪਿੰਡਾਂ ਵਿੱਚ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਉਨ੍ਹਾ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਜੇ ਕਿਸਾਨਾਂ ਦਾ ਜ਼ਮੀਨ ਦੀ ਮਾਲਕੀ ਬਾਰੇ ਕੋਈ ਵਿਵਾਦ ਨਹੀਂ ਹੋਵੇਗਾ, ਉੱਥੇ ਜ਼ਮੀਨ ਦੀ ਮਲਕੀਅਤ ਕਬਜ਼ੇ ਦੇ ਆਧਾਰ ਉਤੇ ਕਰ ਦਿੱਤੀ ਜਾਵੇਗੀ। ਮਾਨ ਨੇ ਕਿਹਾ ਕਿ ਜਿਹੜੇ ਕਿਸਾਨ ਸਹਿਮਤੀ ਨਾਲ ਜ਼ਮੀਨ ਦੀ ਤਕਸੀਮ ਕਰਵਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਇਸ ਨਾਲ ਕਾਫ਼ੀ ਲਾਭ ਹੋਵੇਗਾ।

ਇਕ ਹੋਰ ਕਿਸਾਨ ਪੱਖੀ ਫੈਸਲੇ ਵਿੱਚ ਮੁੱਖ ਮੰਤਰੀ ਨੇ ਪਿੰਡਾਂ ਵਿੱਚ ਸਹਿਕਾਰੀ ਸਭਾਵਾਂ ਵਿੱਚ ਨਵੇਂ ਖਾਤੇ ਖੋਲ੍ਹਣ ਉਤੇ ਲੱਗੀ ਰੋਕ ਹਟਾਉਣ ਦਾ ਐਲਾਨ ਕੀਤਾ। ਹੁਣ ਕਿਸਾਨ ਇਨ੍ਹਾਂ ਸਭਾਵਾਂ ਵਿੱਚ ਆਪਣੇ ਖਾਤੇ ਖੋਲ੍ਹ ਸਕਦੇ ਹਨ, ਜਿਸ ਨਾਲ ਉਨ੍ਹਾਂ ਨੂੰ ਵੱਡਾ ਲਾਭ ਮਿਲੇਗਾ। ਮਾਨ ਨੇ ਕਿਹਾ ਕਿ ਮੌਜੂਦਾ ਵਿੱਤੀ ਸਾਲ ਦੇ ਅੰਤ ਤੱਕ ਕਿਸਾਨਾਂ ਦਾ ਹਰ ਤਰ੍ਹਾਂ ਦਾ ਬਕਾਇਆ ਮੁਆਵਜ਼ਾ ਜਾਰੀ ਕਰ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਸਰਹਿੰਦ ਫੀਡਰ ਦੀਆਂ ਟੇਲਾਂ ਉੱਤੇ ਪਾਣੀ ਮੁਹੱਈਆ ਕਰਵਾਉਣ ਲਈ ਲਾਏ ਗਏ 242 ਲਿਫਟ ਪੰਪਾਂ ਨੂੰ ਇਕ ਜਨਵਰੀ ਤੋਂ ਮੁਫਤ ਬਿਜਲੀ ਮਿਲਣੀ ਸ਼ੁਰੂ ਹੋ ਜਾਵੇਗੀ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੇ ਸਹਿਕਾਰੀ ਬੈਂਕਾਂ ਦੇ ਕਰਜ਼ੇ ਦੇ ਯਕਮੁਸ਼ਤ ਨਿਪਟਾਰੇ ਦੇ ਮਸਲੇ ਨੂੰ ਨਾਬਾਰਡ ਕੋਲ ਵਿਚਾਰੇਗੀ।

ਇਕ ਹੋਰ ਮਾਮਲੇ ਉਤੇ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ ਕਿਸਾਨਾਂ ਦਾ ਹੱਕ ਹੈ ਅਤੇ ਸੂਬਾ ਸਰਕਾਰ ਕਿਸਾਨਾਂ ਦੀ ਸਹਾਇਤਾ ਲਈ ਹਰੇਕ ਕਦਮ ਚੁੱਕੇਗੀ। ਸੂਬਾ ਸਰਕਾਰ ਕਿਸਾਨਾਂ ਲਈ ਫਸਲ ਦਾ ਸਮਰਥਨ ਮੁੱਲ ਯਕੀਨੀ ਬਣਾਉਣ ਲਈ ਕਾਨੂੰਨੀ, ਪ੍ਰਸ਼ਾਸਕੀ ਅਤੇ ਸਾਰੇ ਢੰਗ-ਤਰੀਕਿਆਂ ਰਾਹੀਂ ਕਿਸਾਨਾਂ ਦੇ ਨਾਲ ਡਟ ਕੇ ਖੜ੍ਹੇਗੀ। ਮੀਟਿੰਗ ਵਿੱਚ ਕਿਸਾਨ ਜਥੇਬੰਦੀਆਂ ਦੀ ਇੱਕ ਅਹਿਮ ਮੰਗ ਦਿੱਲੀ ਮੋਰਚੇ ਦੇ ਸ਼ਹੀਦ ਕਿਸਾਨ ਪਰਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦੇਣ ਬਾਰੇ ਸੀ। ਇਸ ਬਾਰੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਵਿਸਥਾਰ ਵਿੱਚ ਮੁੱਖ ਮੰਤਰੀ ਦੇ ਧਿਆਨ ਵਿੱਚ ਮਾਮਲਾ ਲਿਆਉਣ ਮਗਰੋਂ ਪੰਜਾਬ ਸਰਕਾਰ ਨੇ ਸੂਬਾਈ ਪੱਧਰ 'ਤੇ ਵਿਸ਼ੇਸ਼ ਖੇਤੀਬਾੜੀ ਸਕੱਤਰ ਸਈਅਮ ਅਗਰਵਾਲ ਨੂੰ ਨੋਡਲ ਅਫਸ

20-DEC-PAGE-1.qxd 12/19/2023 10:22 PM Page 2

ਸਪਰਿੰਗ ਫੀਲਡ ਸਕੂਲ ਨੂੰ ਫੈਪ ਵੱਲੋਂ ਸਰਵੋਤਮ ਵਿੱਦਿਅਕ ਸਕੂਲ ਦਾ ਸਨਮਾਨ

ਬਾਘਾ ਪੁਰਾਣਾ (ਮਨੀ ਸਿੰਗਲਾ)-ਆਫ਼ ਪ੍ਰਾਈਵੇਟ ਸਕੂਲਜ ਐਂਡ ਐਸੋਸੀਏਸ਼ਨ ਆਫ਼ ਪੰਜਾਬ ਨੇ ਹਰ ਸਾਲ ਦੀ ਤਰ੍ਹਾਂ ਫੈਪ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਦੀ ਰਹਿਨੁਮਾਈ ਹੇਠ ਚੰਡੀਗੜ੍ਹ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਬਹੁਤ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਪੰਜਾਬ ਦੇ ਮੰਤਰੀ ਸ੍ਰੀ ਪਵਨ ਅਰੋੜਾ ਸਨ। ਸਮਾਗਮ 'ਚ ਨੈਸ਼ਨਲ ਫੈਪ ਐਵਾਰਡ 2023 ਤਹਿਤ ਵੱਖ-ਵੱਖ ਸਕੂਲਾਂ ਦੇ ਬੱਚੇ ਜੋ ਵੱਖ-ਵੱਖ ਸਬਜੈਕਟ ਵਿੱਚ ਮੋਹਰੀ ਰਹੇ। ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਇਸ ਦੇ ਨਾਲ ਜਿਨ੍ਹਾਂ ਅਧਿਆਪਕਾਂ ਦੀ ਕਾਰਗੁਜ਼ਾਰੀ ਬਹੁਤ ਵਧੀਆ ਸੀ। ਉਨ੍ਹਾਂ ਨੂੰ ਵੀ ਫੈਪ ਬੈਸਟ ਟੀਚਰ ਨੈਸ਼ਨਲ ਅਵਾਰਡ 2023 ਨਾਲ ਟਰਾਫ਼ੀਆਂ ਦੇ ਕੇ ਸਨਮਾਨਤ ਕੀਤਾ ਗਿਆ। ਸਪਰਿੰਗ ਫੀਲਡ ਸਕੂਲ ਦੀ ਅਧਿਆਪਕਾ ਭਾਰਤੀ ਨਾਗਪਾਲ ਨੂੰ ਵੀ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਬਾਇਜੂ ਵਿਜੇ ਨੂੰ ਵੀ ਉਹਨਾਂ ਦੀ ਕਾਬਲੀਅਤ, ਮਿਹਨਤ, ਅਨੁਸ਼ਾਸਨ ਤੇ ਵਧੀਆ ਪ੍ਰਬੰਧਕ ਹੋਣ ਤੇ ਇਹ ਵਿਕਾਰੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿੱਦਿਆ ਦੇ ਖੇਤਰ ਵਿੱਚ ਹਮੇਸ਼ਾ ਹੀ ਪਹਿਲੇ ਸਥਾਨ ਉੱਪਰ ਰਹਿੰਦਾ ਹੈ। ਇਸ ਸਕੂਲ ਦੀ ਸੱਤਵੀਂ ਕਲਾਸ ਦੀ ਲੜਕੀ ਲਕਸ਼ਿਤਾ ਨੇ ਵੀ ਪੰਜਾਬ ਲੈਵਲ ਤੇ ਮੈਥ ਵਿੱਚ ਦੂਜਾ ਸਥਾਨ ਹਾਸਲ ਕਰਨ 'ਤੇ ਐਵਾਰਡ ਹਾਸਲ ਕੀਤਾ। ਸਕੂਲ ਚੇਅਰਮੈਨ ਨਰ ਸਿੰਘ ਬਰਾੜ ਨੇ ਦੱਸਿਆ ਕਿ ਇਹ ਸੰਸਥਾ ਪਹਿਲਾਂ ਵੀ ਵਿੱਦਿਆ ਦੇ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਦਾ ਫੈਪ ਨੈਸ਼ਨਲ ਐਵਾਰਡ ਹਾਸਲ ਕਰਨ ਦਾ ਮਾਣ ਪ੍ਰਾਪਤ ਕਰ ਚੁੱਕੀ ਹੈ, ਕਿਉਂਕਿ ਸਕੂਲ ਵਿੱਚ ਆਧੁਨਿਕ ਤਕਨੀਕਾਂ ਅਪਨਾਉਣ ਅਤੇ ਬੱਚਿਆਂ ਵਿੱਚ ਚੰਗੇ ਸੰਸਕਾਰ ਪੈਦਾ ਕਰਨ ਦਾ ਹਮੇਸ਼ਾ ਯਤਨ ਕੀਤਾ ਜਾਂਦਾ ਹੈ ਅਤੇ ਸਕੂਲ ਨੂੰ ਸਰਵੋਤਮ ਵਿੱਦਿਅਕ ਐਵਾਰਡ 2023 ਮਿਲਣ 'ਤੇ ਸਾਰੇ ਸਕੂਲ ਸਟਾਫ਼ ਨੂੰ ਵਧਾਈ ਦਿੱਤੀ।

ਪੰਜਾਬ ਪੈਨਸ਼ਨਰਜ਼ ਯੂਨੀਅਨ ਨੇ ਪੈਨਸ਼ਨਰਜ਼ ਦਿਵਸ ਮਨਾਇਆ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਕਾਮਰੇਡ ਜਰਨੈਲ ਸਿੰਘ ਭਵਨ ਵਿੱਚ ਪੰਜਾਬ ਪੈਨਸ਼ਨਰਜ਼ ਯੂਨੀਅਨ ਬ੍ਰਾਂਚ ਫਿਰੋਜ਼ਪੁਰ ਵੱਲੋਂ ਕਾਮਰੇਡ ਅਵਤਾਰ ਸਿੰਘ ਫ਼ਿਰੋਜ਼ਪੁਰ ਤੇ ਪ੍ਰਧਾਨ ਬਲਵੰਤ ਸਿੰਘ ਸੰਧੂ ਦੀ ਅਗਵਾਈ ਵਿਚ ਪੈਨਸ਼ਨਰਜ਼ ਦਿਵਸ ਮਨਾਇਆ ਗਿਆ। ਸਮਾਗਮ ਸ਼ੁਰੂ ਕਰਨ ਤੋਂ ਪਹਿਲਾ ਸੁਰਿੰਦਰ ਸਿੰਘ ਧਾਲੀਵਾਲ ਧਰਮਕੋਟ ਦੀ ਪਤਨੀ ਅਤੇ ਪਿਛਲੇ ਸਮੇਂ ਵਿਚ ਵਿਛੋੜਾ ਦੇ ਚੁੱਕੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜ਼ਲੀ ਦਿੱਤੀ। ਸਤਪਾਲ ਸਹਿਗਲ ਨੇ ਦੱਸਆ ਕਿ 17 ਦਸੰਬਰ 1982 ਨੂੰ ਸੁਪਰੀਮ ਕੋਰਟ ਨੇ ਫ਼ੈਸਲਾ ਕੀਤਾ ਸੀ ਕਿ ਪੈਨਸ਼ਨਰ ਮੁਲਾਜ਼ਮ ਦਾ ਹੱਕ ਹੈ ਕਿ ਇਹ ਕੋਈ ਭੀਖ ਨਹੀਂ, ਇਹ ਬੁਢਾਪੇ ਦੀ ਡੰਗੋਰੀ ਹੈ, ਪਰ ਹੁਣ ਫਿਰ ਸਰਕਾਰਾਂ ਨੇ ਮੁਲਾਜ਼ਮਾਂ ਤੋਂ ਇਹ ਹੱਕ ਖੋਹ ਲਿਆ ਹੈ। ਓਮ ਪ੍ਰਕਾਸ਼ ਜਨਰਲ ਸਕੱਤਰ ਤੇ ਮਲਕੀਅਤ ਚੰਦ ਪਾਸੀ ਸੀਨੀਅਰ ਮੀਤ ਪ੍ਰਧਾਨ ਨੇ ਕਿਹਾ ਕਿ ਆਪ ਦੀ ਸਰਕਾਰ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਟਕ ਰਹੀਆਂ ਹੱਕੀ ਮੰਗਾਂ ਦੇਣ ਤੇ ਟਾਲ-ਮਟੋਲ ਕਰ ਰਹੀ ਹੈ। ਵਾਰ-ਵਾਰ ਮੀਟਿੰਗ ਦਾ ਸਮਾਂ ਦੇ ਕੇ ਭੱਜ ਜਾਂਦੀ ਹੈ। ਇਸ ਮੌਕੇ ਸੰਤ ਰਾਮ ਨੇ ਸਟੇਜ ਦੀ ਕਾਰਵਾਈ ਨਿਭਾਈ। ਇਸ ਸਮਾਗਮ ਵਿਚ 75 ਤੇ 80 ਸਾਲ ਦੀ ਉਮਰ ਪੂਰੀ ਕਰ ਚੁੱਕੇ ਪੈਨਸ਼ਨਰਾਂ ਨੂੰ ਲੋਈ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਡਾਕਟਰ ਰਮੇਸ਼ਵਰ ਸਿੰਘ, ਉਂਕਾਰ ਸਿੰਘ, ਇਕਬਾਲ ਸਿੰਘ ਸੰਧੂ ਚੇਅਰਮੈਨ, ਜੋਗਿੰਦਰ ਸਿੰਘ ਪ੍ਰਧਾਨ ਜ਼ੀਰਾ, ਰਿਟਾਇਰ ਪ੍ਰਿੰਸੀਪਲ ਗੁਲਜਾਰ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਪੋਹਲਾ ਸਿੰਘ ਮੋਗਾ, ਚਮਕੌਰ ਸਿੰਘ ਡਗਰੂ, ਜਸਵੰਤ ਮੈਣੀ, ਮੁਖਤਿਆਰ ਸਿੰਘ, ਦੁਰਗਾ ਦਾਸ, ਹਰਨਾਮ ਸਿੰਘ, ਜਗਜੀਵਨ ਪਾਲ ਤੇ ਦੁਰਗਾ ਦਾਸ ਹਾਜ਼ਰ ਸਨ।

ਲਾਇਨਜ਼ ਕਲੱਬ ਵੱਲੋਂ ਰੂ-ਬ-ਰੂ ਪ੍ਰੋਗਰਾਮ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਲਾਇਨਜ਼ ਕਲੱਬ ਰੀਜਨ-9 ਦੇ ਚੇਅਰਮੈਨ ਅਸ਼ੋਕ ਗਰਗ ਵੱਲੋਂ ਰੂ-ਬ-ਰੂ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਲਾਇਨ ਜ਼ਿਲ੍ਹਾ ਗਵਰਨਰ ਗੁਰਚਰਨ ਸਿੰਘ ਕਾਲੜਾ ਤੇ ਜ਼ਿਲ੍ਹਾ ਸਕੱਤਰ ਵਿਨਸ ਜਿੰਦਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਰੂ-ਬ-ਰੂ ਪ੍ਰੋਗਰਾਮ ਦੌਰਾਨ ਰੀਜਨ ਦੇ 13 ਲਾਇਨ ਕਲੱਬਾਂ ਵੱਲੋਂ ਸ਼ਿਰਕਤ ਕੀਤੀ ਗਈ।ਇਸ ਪ੍ਰੋਗਰਾਮ ਦੇ ਐੱਮ ਓ ਸੀ ਲੋਇਨ ਡਾ. ਪ੍ਰਸ਼ੋਤਮ ਸਾਹਨੀ, ਲਾਇਨ ਸੀ ਏ ਅਸ਼ੋਕ ਗਰਗ ਤੇ ਲਾਇਨ ਭੂਪੇਸ਼ ਭਾਰਦਵਾਜ ਸਨ। ਇਸ ਦੌਰਾਨ ਜ਼ਿਲ੍ਹਾ ਗਵਰਨਰ ਨੇ ਸਾਰੇ ਕਲੱਬਾਂ ਦੇ ਮੈਂਬਰਾਂ ਨਾਲ ਆਉਣ ਵਾਲੇ ਪ੍ਰੋਜੈਕਟਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਤੇ ਅੰਤ ਵਿੱਚ ਰੀਜਨ ਚੇਅਰਮੈਨ ਅਸ਼ੋਕ ਗਰਗ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਪ੍ਰੋਗਰਾਮ ਦੌਰਾਨ ਡੀ ਪੀ ਬਾਤੀਸ਼, ਐੱਸ ਪੀ ਸ਼ਰਮਾ, ਰਾਜੀਵ ਸ਼ਰਮਾ ਕੈਸ਼ੀਅਰ ਤੇ ਵਿਕਾਸ ਗੁਪਤਾ ਹਾਜ਼ਰ ਸਨ।

'ਮੈਗਾ ਓਲੰਪਿਕ ਇੰਗਲਿਸ਼' ਟੈਸਟ ਟਾਪਰ ਸਿਦਕ ਕੌਰ ਦਾ ਸਨਮਾਨ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਦੀ ਵਿਦਿਆਰਥਣ ਸਿਦਕ ਕੌਰ ਨੂੰ 'ਮੈਗਾ ਓਲੰਪਿਕ ਇੰਗਲਿਸ਼' ਟੈਸਟ ਵਿੱਚ ਸਟੇਟ ਟਾਪਰ ਰਹਿਣ ਕਾਰਨ ਸਕੂਲ ਵਿੱਚ ਸਿਦਕ ਕੌਰ ਤੇ ਉਸ ਦੇ ਮਾਂ-ਬਾਪ ਨੂੰ ਸਕੂਲ ਬੁਲਾਉਣ ਉਪਰੰਤ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਕੋਮਲ ਅਗਰਵਾਲ ਵੱਲੋਂ ਵਿਦਿਆਰਥਣ ਸਿਦਕ ਕੌਰ ਨੂੰ ਸਕਾਲਰਸ਼ਿਪ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ। ਉਨ੍ਹਾਂ ਬਾਕੀ ਬੱਚਿਆਂ ਨੂੰ ਵੀ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਕਿ ਤੁਸੀਂ ਵੀ ਸਿਦਕ ਕੌਰ ਦੀ ਤਰ੍ਹਾਂ ਮਿਹਨਤ ਸਦਕਾ ਵਧੀਆ ਪੜ੍ਹਾਈ ਕਰਕੇ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕਰੋ। ਇਸ ਮੌਕੇ ਸਕੂਲ ਦਾ ਪੂਰਾ ਸਟਾਫ, ਮੈਂਬਰ ਤੇ ਵਿਦਿਆਰਥੀ ਸ਼ਾਮਲ ਸਨ।

ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਐੱਸ.ਡੀ.ਐੱਮ. ਵੱਲੋਂ ਬੱਸ ਰਵਾਨਾ

ਮਲੋਟ (ਗੁਰਮੀਤ ਸਿੰਘ ਮੱਕੜ)-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਹਲਕਾ ਮਲੋਟ ਵਿੱਚੋਂ ਸਵੇਰੇ 7:30 ਵਜੇ ਤੀਰਥ ਯਾਤਰੀਆਂ ਦੀ ਪਹਿਲੀ ਬੱਸ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੇ ਦਫਤਰ ਕੋਲੋਂ ਰਵਾਨਾ ਕੀਤੀ ਗਈ। ਬੱਸ ਨੂੰ ਐੱਸ.ਡੀ.ਐੱਮ. ਡਾ. ਸੰਜੀਵ ਕੁਮਾਰ ਨੇ ਝੰਡੀ ਦਿਖਾ ਕੇ ਰਵਾਨਾ ਕੀਤਾ। ਬੱਸ ਸਾਲਾਸਰ ਧਾਮ ਤੇ ਖਾਟੂਸ਼ਾਮ ਰਾਜਸਥਾਨ ਜਾਵੇਗੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ.ਡੀ.ਐੱਮ. ਸੰਜੀਵ ਕੁਮਾਰ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਮਲੋਟ ਤੋਂ ਪਹਿਲੀ ਬੱਸ ਜਾ ਰਹੀ ਹੈ। ਯਾਤਰੀਆਂ ਦੇ ਠਹਿਰਣ ਤੇ ਖਾਣ ਪੀਣ ਦਾ ਪੂਰਾ ਪ੍ਰਬੰਧ ਹੋਵੇਗਾ ਅਤੇ ਯਾਤਰੀਆਂ ਵਿੱਚ ਵੀ ਪੂਰਾ ਉਤਸ਼ਾਹ ਹੈ। ਦਫ਼ਤਰ ਇੰਚਾਰਜ ਰਮੇਸ਼ ਅਰਨੀਵਾਲਾ ਤੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਗਗਨਦੀਪ ਔਲਖ ਨੇ ਦੱਸਿਆ ਕਿ ਇਹ ਕਰੀਬ 41 ਤੀਰਥ ਯਾਤਰੀਆਂ ਨੂੰ ਲੈ ਕੇ ਬੱਸ ਸਾਲਾਸਰ ਧਾਮ ਤੇ ਖਾਟੂਸ਼ਾਮ ਧਾਮ ਰਾਜਸਥਾਨ ਜਾ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਸੰਗਤਾਂ ਨੂੰ ਇਸ ਯੋਜਨਾ ਤਹਿਤ ਹੋਰ ਵੀ ਗੁਰਧਾਮਾਂ ਦੇ ਦਰਸ਼ਨ ਕਰਵਾਏ ਜਾਣਗੇ।

ਬਰਾਸ ਫਾਊਂਡੇਸ਼ਨ ਨੇ ਪ੍ਰੀਖਿਆ ਮੁਕਾਬਲੇ ਕਰਵਾਏ

ਦਿੜ੍ਹਬਾ (ਜਸਵੀਰ ਲਾਡੀ)-ਪਿਛਲੇ ਕਈ ਦਿਨਾਂ ਤੋਂ ਭੀਮ ਰਾਓ ਅੰਬੇਡਕਰ ਸੋਸ਼ਲ ਸਰਵਿਸ (ਬਰਾਸ) ਫਾਊਂਡੇਸ਼ਨ ਵੱਲੋਂ ਨੇੜਲੇ ਪਿੰਡਾਂ 'ਚ ਚਲਾਏ ਜਾ ਰਹੇ ਸਟੱਡੀ ਸੈਂਟਰਾਂ 'ਚ ਪੜ੍ਹ ਰਹੇ ਵਿਦਿਆਰਥੀਆਂ ਦੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਨੂੰ ਸਮਰਪਤ ਪ੍ਰੀਖਿਆ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸੰਗਤੀਵਾਲਾ, ਗੋਬਿੰਦਗੜ੍ਹ-ਖੋਖਰ, ਨੰਗਲਾ, ਉਗਰਾਹਾਂ, ਚੰਗਾਲੀਵਾਲਾ, ਲਹਿਰਾਗਾਗਾ, ਖੁਡਾਲ ਕਲਾਂ, ਬੱਛੋਆਣਾ ਤੇ ਕਕਰਾਲਾ ਸੈਂਟਰਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਬਰਾਸ ਫਾਊਂਡੇਸ਼ਨ ਦੇ ਸਕੱਤਰ ਗੁਰਪ੍ਰੀਤ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਬਰਾਸ ਫਾਊਂਡੇਸ਼ਨ ਦਾ ਮੰਤਵ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਵੱਲ ਪ੍ਰੇਰਿਤ ਕਰਨਾ ਹੈ। ਇਸ ਲਈ ਬਰਾਸ ਵੱਲੋਂ ਬਾਬਾ ਜੀ ਦੇ ਪਹਿਲੇ ਮੂਲ ਉਦੇਸ਼ 'ਸਿੱਖਿਅਤ ਹੋਵੋ' ਤਹਿਤ ਮੁਫਤ ਸਟੱਡੀ ਸੈਂਟਰ ਚਲਾਉਣ ਦਾ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ ਬਾਰਸ ਫਾਊਂਡੇਸ਼ਨ ਦੇ ਉੱਪ-ਚੇਅਰਮੈਨ ਤਰਸੇਮ ਸਿੰਘ ਉਗਰਾਹਾਂ, ਮਹਿੰਦਰ ਸਿੰਘ ਗੋਬਿੰਦਗੜ੍ਹ, ਰਘਵੀਰ ਸਿੰਘ ਫਤਿਹਗੜ੍ਹ, ਮਨਜੀਤ ਸਿੰਘ ਲਹਿਰਾ, ਜਸਵੀਰ ਸਿੰਘ ਚੰਗਾਲੀਵਾਲਾ ਤੇ ਜਨਨੈਲ ਸਿੰਘ ਸੰਗਤੀਵਾਲਾ ਹਾਜ਼ਰ ਸਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਪ੍ਰੇਰਣਾ ਲੈਣ ਦੀ ਲੋੜ : ਮਾਨ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

'ਖਾਲਸਾ ਪੰਥ ਅਤੇ ਸਮੁੱਚੀ ਮਨੁੱਖਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਿੱਖ ਕੌਮ ਦੇ ਨੌਂਵੀਂ ਪਾਤਸ਼ਾਹੀ ਦਾ ਸ਼ਹੀਦੀ ਦਿਹਾੜਾ ਮਨਾ ਰਹੀ ਹੈ। ਨੌਂਵੀਂ ਪਾਤਸ਼ਾਹੀ ਤੋਂ ਪਹਿਲੇ ਸਾਡੀ ਪੰਜਵੀਂ ਪਾਤਸ਼ਾਹੀ ਨੇ ਵੀ ਮਨੁੱਖਤਾ ਦੀ ਖਾਤਰ ਆਪਣੀ ਸ਼ਹਾਦਤ ਦਿੱਤੀ। ਨੌਂਵੀਂ ਪਾਤਸ਼ਾਹੀ ਨੇ ਕਸ਼ਮੀਰੀ ਪੰਡਤਾਂ ਦੇ ਧਰਮ ਨੂੰ ਬਚਾਉਣ ਲਈ ਇਹ ਕੁਰਬਾਨੀ ਦਾ ਰਾਹ ਚੁਣਿਆ। ਇਹ ਮਹਾਨ ਸ਼ਹਾਦਤ ਦੇ ਕੇ ਜਿਥੇ ਉਨ੍ਹਾਂ ਨੇ ਸਿੱਖ ਕੌਮ ਅਤੇ ਮਨੁੱਖਤਾ ਨੂੰ ਬਿਨ੍ਹਾਂ ਕਿਸੇ ਤਰ੍ਹਾਂ ਦੇ ਭੇਦਭਾਵ ਦੇ ਮਨੁੱਖੀ ਉੱਦਮ ਬਿਨਾਂ ਕਿਸੇ ਡਰ-ਭੈਅ ਦੇ ਕਰਨ ਦੀ ਪ੍ਰੇਰਣਾ ਦਿੱਤੀ, ਉਥੇ ਇਸ ਮਹਾਨ ਸ਼ਹਾਦਤ ਨੇ ਸਿੱਖ ਕੌਮ ਲਈ ਵੀ ਆਪਣੀ ਕੌਮੀ ਅਣਖ-ਗੈਰਤ ਤੇ ਕੌਮੀਅਤ ਨੂੰ ਕਾਇਮ ਰੱਖਣ ਦਾ ਵੀ ਸੰਦੇਸ਼ ਦਿੱਤਾ ਹੈ। ਉਨ੍ਹਾਂ ਦੇ ਪਦਚਿੰਨ੍ਹਾਂ 'ਤੇ ਚੱਲਦਿਆਂ ਆਪਣੀ ਕੌਮੀ ਅਣਖ-ਗ਼ੈਰਤ ਲਈ ਚਮਕੌਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਸੂਮ ਸਾਹਿਬਜ਼ਾਦਿਆਂ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੋਤਿਆਂ ਨੇ ਵੀ ਆਪਣੇ ਦਾਦਾ ਜੀ ਵੱਲੋਂ ਦਰਸਾਏ ਰਾਹ ਉਤੇ ਨਿੱਕੀਆਂ ਜਿੰਦਾਂ ਵੱਡਾ ਸਾਕਾ ਕਰਕੇ ਸ਼ਹਾਦਤ ਦਿੰਦੇ ਹੋਏ ਵੱਡੇ ਤੋਂ ਵੱਡੇ ਜ਼ਾਲਮ ਹੁਕਮਰਾਨ ਅੱਗੇ ਝੀਨ ਮੰਨਣ ਤੇ ਆਪਣੇ ਧਰਮ-ਕੌਮ ਲਈ ਤਿਆਰ-ਬਰ-ਤਿਆਰ ਰਹਿਣ ਦਾ ਕੌਮ ਨੂੰ ਸੰਦੇਸ਼ ਦਿੱਤਾ। ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸਤ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਤਹਾਦਤ ਨੂੰ ਸਰਧਾ ਅਤੇ ਸਤਿਕਾਰ ਸਹਿਤ ਨਤਮਸਤਕ ਹੁੰਦੇ ਹੋਏ ਅਤੇ ਮੌਜੂਦਾ ਜਾਬਰ ਹੁਕਮਰਾਨਾਂ ਨੂੰ ਸਿੱਖ ਕੌਮ ਦੀ ਆਪਣੇ ਧਰਮ, ਕੌਮ ਅਤੇ ਇਨਸਾਨੀਅਤ ਦੀ ਰਾਖੀ ਲਈ ਕੀਤੀਆਂ ਕੁਰਬਾਨੀਆਂ ਤੇ ਸ਼ਹਾਦਤਾਂ ਦਾ ਜ਼ਿਕਰ ਕਰਦੇ ਹੋਏ ਅਜਿਹੇ ਹੁਕਮਰਾਨਾਂ ਤੋਂ ਸਿੱਖ ਕੌਮ ਵੱਲੋਂ ਕਿਸੇ ਤਰ੍ਹਾਂ ਦਾ ਵੀ ਡਰ-ਭੈ ਨਾ ਰੱਖਣ ਅਤੇ ਆਪਣੇ ਅਕੀਦੇ, ਸਿੱਖੀ ਸੋਚ, ਆਜ਼ਾਦੀ ਦੇ ਨਿਸ਼ਾਨੇ ਉਤੇ ਆਪਣੇ ਇਤਿਹਾਸਿਕ ਰਵਾਇਤਾਂ ਤੇ ਪ੍ਰੰਪਰਾਵਾਂ ਰਾਹੀ ਪਹਿਰਾ ਦੇਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ।

ਬੀ ਐੱਫ ਸੀ ਈ ਟੀ ਵਿਖੇ ਡੀ ਜੀ ਪੀ ਐੱਸ ਬਾਰੇ ਵਰਕਸ਼ਾਪ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਬਾਬਾ ਫ਼ਰੀਦ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ, ਬਠਿੰਡਾ ਵਿਖੇ ਸਿਵਲ ਇੰਜਨੀਅਰਿੰਗ ਵਿਭਾਗ ਦੇ ਫੋਰਸ ਕਲੱਬ ਨੇ ਡਿਫਰੈਂਸ਼ੀਅਲ ਗਲੋਬਲ ਪੁਜ਼ੀਸ਼ਨਿੰਗ ਸਿਸਟਮ (ਡੀ.ਜੀ.ਪੀ.ਐੱਸ.) 'ਤੇ ਵਿਸ਼ੇਸ਼ ਜ਼ੋਰ ਦਿੰਦੇ ਹੋਏ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ। ਇਸ ਵਰਕਸ਼ਾਪ ਵਿੱਚ ਨਰਸਨ ਇੰਜਨੀਅਰ ਤੇ ਡਿਜ਼ਾਈਨਰ, ਬਠਿੰਡਾ ਦੇ ਮਾਲਕ ਇੰਜ. ਵਿਨੀਤ ਗਰਗ ਨੇ ਸਰੋਤ ਵਿਅਕਤੀ ਵਜੋਂ ਸ਼ਿਰਕਤ ਕੀਤੀ। ਇਸ ਵਰਕਸ਼ਾਪ ਦਾ ਉਦੇਸ਼ ਆਉਣ ਵਾਲੇ ਸਿਵਲ ਇੰਜਨੀਅਰਿੰਗ ਗ੍ਰੈਜੂਏਟਾਂ ਨੂੰ ਉਨ੍ਹਾਂ ਦੇ ਖੇਤਰ ਵਿੱਚ ਡੀ.ਜੀ.ਪੀ.ਐੱਸ. ਦੀ ਮਹੱਤਤਾ ਬਾਰੇ ਸਮਝ ਨੂੰ ਵਧਾਉਣਾ ਸੀ। ਇੰਜ. ਵਿਨੀਤ ਗਰਗ ਨੇ ਡੀ.ਜੀ.ਪ

20-Dec-PAGE-3.qxd 12/19/2023 10:44 PM Page 1

2 ਨੂੰ ਜੰਡਿਆਲਾ ਗੁਰੂ ਦੀ ਦਾਣਾ ਮੰਡੀ 'ਚ ਕਿਸਾਨਾਂ ਤੇ ਮਜ਼ਦੂਰਾਂ ਦਾ ਹੋਵੇਗਾ ਵੱਡਾ ਇਕੱਠ: ਸਭਰਾ/ਮਾਨੋਚਾਹਲ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)

ਪੰਜਾਬ ਦੇ ਕਿਸਾਨ ਮਜ਼ਦੂਰ ਆਪਣੇ ਹੱਕਾਂ ਲਈ 2 ਜਨਵਰੀ ਨੂੰ ਜੰਡਿਆਲਾ ਗੁਰੂ ਦੀ ਦਾਣਾ ਮੰਡੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਤਰ ਹੋਣਗੇ ਇਹ ਜਾਣਕਾਰੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਤਰਨ ਤਾਰਨ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਨੋਚਾਹਲ, ਸਕੱਤਰ ਹਰਜਿੰਦਰ ਸਿੰਘ ਸ਼ਕਰੀ, ਤਰਸੇਮ ਸਿੰਘ ਧਾਰੀਵਾਲ ਨੇ ਪੱਤਰਕਾਰ ਭਾਈਚਾਰੇ ਨੂੰ ਲਿਖ਼ਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਸਾਂਝੀ ਕੀਤੀ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਸੰਯੁਕਤ ਮੋਰਚਾ (ਗੈਰ ਰਾਜਨੀਤਕ) ਅਤੇ ਉੱਤਰੀ ਭਾਰਤ ਦੀਆਂ 18 ਜਥੇਬੰਦੀਆਂ ਦੇ ਤਾਲਮੇਲ ਨਾਲ 2 ਜਨਵਰੀ ਨੂੰ ਮਾਝੇ ਦੇ ਇਲਾਕੇ ਵਿਚ ਜੰਡਿਆਲਾ ਗੁਰੂ ਦੀ ਦਾਣਾ ਮੰਡੀ ਵਿੱਚ ਅਤੇ 6 ਜਨਵਰੀ ਨੂੰ ਮਾਲਵੇ ਦੇ ਬਰਨਾਲਾ ਜ਼ਿਲ੍ਹੇ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਰੈਲੀ ਦੇ ਰੂਪ ਵਿੱਚ ਸ਼ਮੂਲੀਅਤ ਕਰਨਗੇ ਜਿਸ ਦੀਆਂ ਤਿਆਰੀਆਂ ਕਨਵੈਨਸ਼ਨਾਂ ਕਰਕੇ ਕੀਤੀਆਂ ਜਾ ਰਹੀਆਂ ਅਤੇ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ। ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਦੇ ਬਾਰਡਰਾਂ 'ਤੇ ਲੱਗੇ ਮੋਰਚੇ ਨੂੰ ਖ਼ਤਮ ਕਰਨ ਲਈ ਕੇਂਦਰ ਸਰਕਾਰ ਅਤੇ ਕਿਸਾਨਾਂ ਵਿਚਕਾਰ ਹੋਏ ਸਮਝੌਤੇ ਤੋਂ ਮੋਦੀ ਸਰਕਾਰ ਸਾਫ਼ ਭੱਜ ਚੁੱਕੀ ਹੈ ਇਸ ਲਈ ਕੇਂਦਰ ਸਰਕਾਰ ਤੋਂ ਮੰਨੀਆਂ ਹੋਈਆਂ ਮੰਗਾਂ ਲਾਗੂ ਕਰਵਾਉਣ ਲਈ ਜਿਵੇਂ ਡਾ. ਸਵਾਮੀਨਾਥਨ ਕਮਿਸ਼ਨ ਰਿਪੋਰਟ ਅਨੁਸਾਰ ਫਸਲਾਂ ਦੇ ਭਾਅ, ਸਾਰੀਆਂ ਫਸਲਾਂ ਤੇ ਸਰਕਾਰੀ ਖਰੀਦ ਦਾ ਕਨੂੰਨ ਬਣਾਉਣ, ਦਿੱਲੀ ਅੰਦੋਲਨ ਦੌਰਾਨ ਕਿਸਾਨਾਂ ਮਜ਼ਦੂਰਾਂ ਤੇ ਹੋਏ ਪਰਚੇ ਰੱਦ ਕਰਵਾਉਣ, ਦਿੱਲੀ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਤੇ ਮਜ਼ਦੂਰਾਂ ਦੇ ਮੁਆਵਜ਼ੇ ਅਤੇ ਪਰਿਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ, ਲਖੀਮਪੁਰ ਖੀਰੀ ਮਾਮਲੇ ਤੇ ਇਨਸਾਫ਼, ਕਿਸਾਨਾਂ ਤੇ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮਾਫ਼, ਸੂਬਿਆਂ ਦੇ ਬਣਦੇ ਹੱਕ ਸੂਬਿਆਂ ਨੂੰ ਦੇਣ, ਬਿਜਲੀ ਸੋਧ ਬਿੱਲ 2020 ਦੀ ਤਜਵੀਜ਼ ਰੱਦ ਕਰਕੇ ਪ੍ਰੀਪੇਡ ਮੀਟਰ ਲਗਾਉਣੇ ਬੰਦ ਕੀਤੇ ਜਾਣ ਆਦਿ ਮਸਲੇ ਹੱਲ ਕਰਵਾਉਣ ਲਈ ਵੱਡੇ ਸੰਘਰਸ਼ ਦੀ ਤਿਆਰੀ ਕੀਤੀ ਜਾ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਸੂਬੇ ਦੀਆਂ ਸਰਕਾਰਾਂ ਬਾਕੀ ਸੈਂਟਰਾਂ ਵਾਂਗ ਖੇਤੀ ਸੈਕਟਰ ਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਾਉਣਾ ਚਾਹੁੰਦੀਆਂ ਹਨ ਜੋ ਦੇਸ਼ ਦੇ ਕਿਸੇ ਵਰਗ ਨੂੰ ਮਨਜ਼ੂਰ ਨਹੀਂ। ਇਸ ਹੋਣ ਵਾਲੇ ਇਕੱਠ ਵਿੱਚ ਪੰਜਾਬ ਦੇ ਲੋਕਾਂ ਤੋਂ ਮਤਾਂ ਪਾਸ ਕਰਵਾ ਕੇ ਦਿੱਲੀ ਵੱਲ ਕੂਚ ਕੀਤਾ ਜਾ ਸਕਦਾ ਅਤੇ ਵੱਡੇ ਇਕੱਠ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਖ਼ਿਲਾਫ਼ ਵੱਡੇ ਸੰਘਰਸ਼ ਦਾ ਐਲਾਨ ਕੀਤਾ ਜਾ ਸਕਦਾ।

ਅਣਪਛਾਤੇ ਵਾਹਨ ਨਾਲ ਟਕਰਾਉਣ ਕਾਰਨ 39 ਸਾਲਾ ਵਿਅਕਤੀ ਦੀ ਮੌਕੇ 'ਤੇ ਮੌਤ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਇਥੋਂ ਨਜ਼ਦੀਕ ਧਾਰੀਵਾਲ-ਗੁਰਦਾਸਪੁਰ ਰੋਡ ਉਪਰ ਪੈਂਦੇ ਅੱਡਾ ਜਾਪੂਵਾਲ ਵਿਖੇ ਨਾਮਲੂਮ ਵਹੀਕਲ ਨਾਲ ਟਕਰਾਉਣ ਨਾਲ ਮੋਟਰਸਾਈਕਲ ਸਵਾਰ 39 ਸਾਲਾ ਵਿਅਕਤੀ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਅਮਿਤ ਕੁਮਾਰ ਪੁੱਤਰ ਰੋਸ਼ਨ ਲਾਲ ਵਾਸੀ ਬਹਿਰਾਮਪੁਰ ਰੋਡ ਗੁਰਦਾਸਪੁਰ ਵਜੋਂ ਹੋਈ। ਮ੍ਰਿਤਕ ਦੇ ਭਰਾ ਅਮਨ ਕੁਮਾਰ ਨੇ ਥਾਣਾ ਧਾਰੀਵਾਲ ਦੀ ਪੁਲਸ ਨੂੰ ਦੱਸਿਆ ਕਿ ਉਸਦਾ ਭਰਾ ਅਮਿਤ ਕੁਮਾਰ ਆਪਣੇ ਪਲਟੀਨਾ ਮੋਟਰਸਾਈਕਲ ਨੰਬਰੀ ਪੀਬੀ 35 ਐੱਨ 9837 ਤੇ ਸਵਾਰ ਹੋ ਕੇ ਸ਼ਾਮ ਨੂੰ ਧਾਰੀਵਾਲ ਤੋਂ ਗੁਰਦਾਸਪੁਰ ਜਾਂਦੇ ਸਮੇਂ ਜਦੋਂ ਅੱਡਾ ਜਾਪੂਵਾਲ ਵਿਖੇ ਅੱਤਰੀ ਫਰਨੀਚਰ ਹਾਊਸ ਦੇ ਸਾਹਮਣੇ ਪੁੱਜਾ ਤਾਂ ਅੱਗੋਂ ਆ ਰਹੇ ਕਿਸੇ ਨਾਮਲੂਮ ਵਹੀਕਲ ਨਾਲ ਟਕਰਾਉਣ ਕਰਕੇ ਸੜਕ ਤੇ ਡਿੱਗ ਜਾਣ ਨਾਲ ਗੰਭੀਰ ਸੱਟਾਂ ਲੱਗਣ ਕਰਕੇ ਉਸਦੀ ਮੌਕੇ 'ਤੇ ਮੌਤ ਹੋ ਗਈ। ਥਾਣਾ ਧਾਰੀਵਾਲ ਦੇ ਐੱਸਐੱਚਓ ਸਰਬਜੀਤ ਸਿੰਘ ਨੇ ਦੱਸਿਆ ਕਿ ਤਫਦੀਸੀ ਅਫਸਰ ਏਐੱਸਆਈ ਪਲਵਿੰਦਰ ਸਿੰਘ ਨੇ ਮ੍ਰਿਤਕ ਦੇ ਭਰਾ ਅਮਨ ਕੁਮਾਰ ਦੇ ਬਿਆਨਾਂ ਦੇ ਆਧਾਰ 'ਤੇ ਨਾਮਲੂਮ ਵਹੀਕਲ ਦੇ ਡਰਾਈਵਰ ਵਿਰੁੱਧ ਧਾਰਾ 304-ਏ,427 ਭ.ਦ ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪੰਜਾਬ ਸਰਕਾਰ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੀ ਸਿਫਾਰਸ਼ 'ਤੇ ਵਿਚਾਰ ਕਰੇ: ਗਿੱਲ

25% ਕੋਟੇ ਦੀਆਂ ਸੀਟਾਂ ਦੀ ਬਹਾਲੀ ਦੇ ਮੁੱਦੇ 'ਤੇ ਘਿਰੀ ਸਰਕਾਰ

ਬੁਤਾਲਾ (ਨਿਰਮਲ ਸਿੰਘ ਸੰਧਾ)-ਲੋੜਵੰਦ ਬੱਚਿਆਂ ਨੂੰ ਮਿਆਰੀ ਸਿੱਖਿਆ ਮਾਨਤਾ ਪ੍ਰਾਪਤ ਸਕੂਲਾਂ ਤੋਂ ਮੁਫਤ ਦਿਵਾਉਣ ਲਈ ਜੱਦੋਜਹਿਦ ਕਰਦੇ ਆ ਰਹੇ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਸੂਬਾ ਸਰਕਾਰ ਨੂੰ ਸਵਾਲਾਂ ਦੇ ਕਟਿਹਰੇ 'ਚ ਖੜਾ ਕਰ ਦਿੱਤਾ ਹੈ। ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੇ ਸਮੂਹ ਮਾਨਤਾ ਪ੍ਰਾਪਤ ਸਕੂਲਾਂ 'ਚ ਸਿੱਖਿਆ ਦਾ ਅਧਿਕਾਰ ਕਾਨੂੰਨ 2009 ਅਨੁਸਾਰ ਕੋਟੇ ਦੀਆਂ ਤੈਅਸ਼ੁਦਾ 25% ਸੀਟਾਂ ਬਹਾਲ ਕਰਨ ਦੇ ਮੁੱਦੇ ਤੇ ਕੌਮੀ ਐੱਸਸੀ ਕਮਿਸ਼ਨ ਵੱਲੋਂ ਬੱਚਿਆਂ ਦੇ ਹੱਕ 'ਚ ਸਰਕਾਰ ਨੂੰ ਜਾਰੀ ਨੋਟਿਸ ਸਬੰਧੀ ਸੂਚਿਤ ਕੀਤਾ ਹੈ।ਉਨ੍ਹਾਂ ਨੇ ਦੱਸਿਆ ਕ੍ਰਿਪਾਲ ਸਿੰਘ ਖਰੜ ਦੀ ਸ਼ਿਕਾਇਤ ਤੇ ਸਿੱਖਿਆ ਦਾ ਅਧਿਕਾਰ ਕਾਨੂੰਨ 2009 ਨੂੰ ਬਿਨਾਂ ਸ਼ਰਤ ਪੰਜਾਬ 'ਚ ਲਾਗੂ ਕਰਨ ਲਈ ਐਕਟ 2011 ਦੇ 7 (4) ਨੂੰ ਧਾਰਾ 38 ਅਨੁਸਾਰ ਕੀਤੀ ਸੋਧ 'ਚੋਂ ਹਟਾਉਣ ਲਈ ਕੌਮੀ ਐੱਸਸੀ ਕਮਿਸ਼ਨ ਦੋ ਵਾਰ ਪੰਜਾਬ ਸਰਕਾਰ ਨੂੰ ਪੱਤਰ ਲਿਖ ਚੁੱਕਾ ਹੈ, ਪਰ ਪੰਜਾਬ ਸਰਕਾਰ ਬਾਲੜਿਆਂ ਦੇ ਹੱਕਾਂ ਅਤੇ ਹਿੱਤਾਂ ਪ੍ਰਤੀ ਗੰਭੀਰਤਾ ਨਾਲ ਵਿਚਾਰ ਕਰਨ ਦੀ ਬਜਾਏ ਪ੍ਰਾਈਵੇਟ ਸਕੂਲਾਂ ਦੀ ਪੁਸ਼ਤ ਪਨਾਹੀ ਕਰ ਰਹੀਂ ਹੈ।ਇੱਕ ਸਵਾਲ ਦੇ ਜਵਾਬ 'ਚ ਸਤਨਾਮ ਸਿੰਘ ਗਿੱਲ ਨੇ ਫ਼ਰਵਰੀ 2018 'ਚ ਪਹਿਲਾ ਪੱਤਰ ਨੰ 2/54/2015 ਮਿਤੀ 16/02/2018 ਅਤੇ ਦੂਸਰਾ ਪੱਤਰ ਅਗਸਤ 2018 'ਚ ਕੌਮੀ ਅਨੁਸੂਚਿਤ ਕਮਿਸ਼ਨ ਨੇ ਪੰਜਾਬ ਸਰਕਾਰ ਨੂੰ ਜਾਰੀ ਕੀਤਾ ਹੈ।ਉਨ੍ਹਾਂ ਨੇ ਸਵਾਲ ਦੇ ਜਵਾਬ 'ਚ ਕਿਹਾ ਕਿ ਘੱਟ ਗਿਣਤੀਆਂ ਲੋਕ ਭਲਾਈ ਸੰਸਥਾ ਰਾਜ ਸਰਕਾਰ ਤੋਂ ਮੰਗ ਕਰਦੀ ਹੈ ਕਿ ਸਿੱਖਿਆ ਦਾ ਅਧਿਕਾਰ (ਕਾਨੂੰਨ) ਦੇ ਰੂਲਜ਼ 2011 ਦੇ ਨਿਯਮ 7 (4) 'ਚ ਲਗਾਈ ਗਈ ਸ਼ਰਤ ਜੋ ਕਿ ਗੈਰ-ਸੰਵਿਧਾਨ ਹੈ ਨੂੰ ਵਾਪਿਸ ਲਏ ਤਾਂ ਕਿ ਲੱਖਾਂ ਬੱਚਿਆਂ ਨੂੰ ਸਰਕਾਰੀ ਯੋਜਨਾਂ ਤਹਿਤ ਮਿਆਰੀ ਤੇ ਲਾਜ਼ਮੀਂ ਸਿੱਖਿਆ ਮੁਫਤ ਪ੍ਰਾਪਤ ਕਰਨ ਦਾ ਮੌਕਾ ਮਿਲ ਸਕੇ। ਇਸ ਮੌਕੇ ਚੇਅਰਮੈਨ ਧਾਰਮਿਕ ਵਿੰਗ ਸੁਖਵਿੰਦਰ ਸਿੰਘ, ਚੇਅਰਮੈਨ ਕੁਲਜਿੰਦਰ ਸਿੰਘ, ਪੀਆਰਓ ਲਵਦੀਪ ਸਿੰਘ ਸਰਾਂ, ਜਨ-ਸਕੱਤਰ ਗੁਰਪ੍ਰੀਤ ਸਿੰਘ ਜੋਧੇ, ਗੋਪਾਲ ਸਿੰਘ ਉਮਰਾਨੰਗਲ, ਗੁਰਜੀਤ ਸਿੰਘ ਸਠਿਆਲਾ ਅਤੇ ਪੀਏ ਗੁਰਪ੍ਰੀਤ ਸਿੰਘ ਖਾਲਸਾ ਆਦਿ ਹਾਜਰ ਸਨ।

ਚਾਲੀ ਅਕਾਲੀ ਤੇ ਕਾਂਗਰਸੀ ਪਰਿਵਾਰਾਂ ਦਾ ਆਮ ਆਦਮੀ ਪਾਰਟੀ 'ਚ ਰਲੇਵਾਂ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)

ਹਲਕਾ ਮਜੀਠਾ ਵਿਚ ਪੈਂਦੇ ਪਿੰਡ ਖੇੜੇ ਬਾਲਾ ਚੱਕ ਵਿਖੇ ਅਕਾਲੀ ਦਲ ਅਤੇ ਕਾਂਗਰਸ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ, ਜਦੋਂ ਸਾਬਕਾ ਸਰਪੰਚ ਹਰਜੀਤ ਸਿੰਘ ਅਤੇ ਸੁਖਜਿੰਦਰ ਸਿੰਘ ਬਾਊ ਦੀ ਅਗਵਾਈ ਹੇਠ 40 ਅਕਾਲੀ-ਕਾਂਗਰਸੀ ਪਰਿਵਾਰ ਹਮੇਸ਼ਾ ਲਈ ਆਪਣੀਆਂ ਰਵਾਇਤੀ ਪਾਰਟੀਆਂ ਨੂੰ ਅਲਵਿਦਾ ਕਹਿੰਦਿਆਂ 'ਆਪ' ਦੇ ਹੋ ਗਏ। ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਆਗੂਆਂ ਨੂੰ ਜਗਵਿੰਦਰ ਪਾਲ ਸਿੰਘ ਜੱਗਾ ਮਜੀਠਾ ਵੱਲੋਂ ਸਿਰਪਾਓ ਪਾ ਕੇ ਸਨਮਾਨਿਤ ਕਰਦਿਆਂ ਪਾਰਟੀ ਵਿੱਚ ਪੂਰਾ ਮਾਣ ਸਨਮਾਨ ਦੇਣ ਦਾ ਵਾਅਦਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਜਗਵਿੰਦਰ ਪਾਲ ਸਿੰਘ ਜੱਗਾ ਨੇ ਕਿਹਾ ਕਿ ਹਲਕੇ ਦੇ ਰਹਿੰਦੇ ਅਧੂਰੇ ਕੰਮਾਂ ਨੂੰ ਪੂਰਾ ਕੀਤਾ ਜਾਵੇਗਾ ਅਤੇ ਸੂਬੇ ਦੀ ਜਨਤਾ ਆਪ ਸਰਕਾਰ ਦੀਆਂ ਨੀਤੀਆਂ ਤੋਂ ਪੂਰੀ ਤਰ੍ਹਾਂ ਖੁਸ਼ ਹੈ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਜੀਤ ਸਿੰਘ ਜਿੱਜਿਆਣੀ, ਬਲਬੀਰ ਸਿੰਘ ਬੋਪਾਰਾਏ, ਸੂਬੇਦਾਰ ਬਲਵਿੰਦਰ ਸਿੰਘ ਤੇ ਜਗਦੀਸ਼ ਸਿੰਘ ਭੀਲੋਵਾਲ ਸਾਰੇ ਬਲਾਕ ਪ੍ਰਧਾਨ, ਮਨਜੀਤ ਸਿੰਘ ਟਾਹਲੀ ਸਾਹਿਬ, ਸੁਰਜੀਤ ਸਿੰਘ, ਅਵਤਾਰ ਸਿੰਘ, ਤਰਵਿੰਦਰ ਸਿੰਘ ਸਾਧਪੁਰ, ਰਾਜਮਲ ਮੱਲ੍ਹੀ, ਕੁਲਵੰਤ ਸਿੰਘ, ਪਵਨ ਚਾਟੀਵਿੰਡ, ਕੈਪਟਨ ਖਿੱਦੋਵਾਲੀ, ਜਰਮਨ ਸਿੰਘ ਖਿੱਦੋਵਾਲੀ, ਸੁਖਜਿੰਦਰ ਸਿੰਘ, ਰਣਜੀਤ ਸਿੰਘ ਫੌਜੀ, ਹਰਜੀਤ ਸਿੰਘ ਫੌਜੀ, ਥਾਣੇਦਾਰ ਪਰਮਜੀਤ ਸਿੰਘ, ਜਗੀਰ ਸਿੰਘ, ਬਲਵਿੰਦਰ ਸਿੰਘ, ਬਲਦੇਵ ਸਿੰਘ, ਨਿਸ਼ਾਨ ਸਿੰਘ, ਹਰਵਿੰਦਰ ਸਿੰਘ, ਸਿੰਦਰ ਸਿੰਘ, ਕਾਲਾ ਸਿੰਘ, ਪਾਲਾ ਸਿੰਘ, ਬੁੱਕਣ ਸਿੰਘ, ਗੁਰਜੰਟ ਸਿੰਘ, ਮਾ. ਸੁਰਜੀਤ ਸਿੰਘ, ਰਾਣਾ ਆਦਿ ਸਮੇਤ ਵੱਡੀ ਗਿਣਤੀ ਆਪ ਆਗ ਹਾਜ਼ਰ ਸਨ।

ਗੱਦੀ ਨਾਲੇ 'ਤੇ ਬਣੀ ਰੇਲਿੰਗ ਟੁੱਟਣ ਕਾਰਨ ਹਾਦਸੇ ਵਾਪਰਨ ਦਾ ਡਰ

ਗੁਰਦਾਸਪੁਰ, (ਜਨਕ ਮਹਾਜਨ)

ਗੁਰਦਾਸਪੁਰ ਮੁਕੇਰੀਆਂ ਸੜਕ 'ਤੇ ਪੈਂਦੇ ਕਸਬਾ ਸ਼ਾਲਾ ਤੇ ਜਗਤਪੁਰ ਵਿਚਕਾਰੋਂ ਲੰਘਦੇ ਗੱਦੀ ਨਾਲੇ ਦੀ ਰੇਲਿੰਗ ਟੁੱਟ ਜਾਣ ਕਾਰਨ ਹਰ ਵੇਲੇ ਕਿਸੇ ਵਹੀਕਲ ਦਾ ਨਾਲੇ ਵਿਚ ਡਿਗਣ ਦਾ ਡਰ ਬਣਿਆ ਰਹਿੰਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦਾਸਪੁਰ ਤੋਂ ਲਗਭਗ 15 ਕਿਲੋਮੀਟਰ ਦੂਰ ਪੈਂਦੇ ਇਸ ਗੱਦੀ ਨਾਲੇ ਤੋਂ ਵੱਡੀ ਗਿਣਤੀ ਵਿਚ ਬੱਸਾਂ, ਟਰੱਕ ਅਤੇ ਹੋਰ ਵਾਹਨ ਦਿਨ ਰਾਤ ਗੁਜ਼ਰਦੇ ਹਨ ਅਤੇ ਗੱਦੀ ਨਾਲੇ 'ਤੇ ਬਣੀ ਪੁਲੀ ਦੀ ਚੌੜਾਈ ਘੱਟ ਹੋਣ ਕਾਰਨ ਦੋ ਵਾਹਨਾਂ ਦਾ ਆਹਮਣੇ ਸਾਹਮਣੇ ਤੋਂ ਆਉਂਦੇ ਜਾਂਦੇ ਸਮੇਂ ਗੁਜ਼ਰਨ ਵੇਲੇ ਬੜੀ ਸਾਵਧਾਨੀ ਵਰਤਣੀ ਪੈਂਦੀ ਹੈ। ਜ਼ਰਾ ਜਿਹੀ ਕੁਤਾਹੀ ਹੋਣ ਕਾਰਨ ਕੋਈ ਹਾਦਸਾ ਵਾਪਰ ਸਕਦਾ ਹੈ। ਇਸ ਗੱਦੀ ਨਾਲੇ ਦੀ ਡੂੰਘਾਈ ਕਾਫ਼ੀ ਹੈ ਅਤੇ ਇਹ ਨਾਲਾ ਦਰਿਆ ਬਿਆਸ ਵਿਚ ਥੋੜੀ ਅੱਗੇ ਜਾ ਕੇ ਮਿਲ ਜਾਂਦਾ ਹੈ। ਇਸ ਗੱਦੀ ਨਾਲੇ 'ਤੇ ਬਣੀ ਪੁਲੀ ਦੀ ਰੇਲਿੰਗ ਆਏ ਦਿਨ ਟੁੱਟ ਜਾਂਦੀ ਹੈ ਅਤੇ ਹਾਦਸੇ ਹੁੰਦੇ-ਹੁੰਦੇ ਬਚ ਜਾਂਦੇ ਹਨ। ਇਸ ਪੁਲ ਦੀ ਰੇਲਿੰਗ ਨੂੰ ਤੋੜ ਕੇ ਕਈ ਵਾਰ ਵਾਹਨ ਨਾਲੇ ਵਿਚ ਡਿੱਗ ਜਾਂਦੇ ਹਨ। ਕੁਝ ਸਾਲ ਪਹਿਲਾਂ ਇਕ ਸਵਾਰੀ ਬੱਸ ਇਸ ਗੱਦੀ ਨਾਲੇ ਵਿਚ ਡਿੱਗ ਪਈ ਸੀ ਅਤੇ ਕਾਫ਼ੀ ਨੁਕਸਾਨ ਹੋਇਆ ਸੀ। ਇਲਾਕਾ ਵਾਸੀਆਂ ਨੇ ਦੱਸਿਆ ਕਿ ਇਸ ਸੜਕ 'ਤੇ ਇਸ ਤੋਂ ਇਲਾਵਾ ਕੁਝ ਹੋਰ ਵੀ ਛੋਟੀਆਂ-ਛੋਟੀਆਂ ਪੁਲੀਆਂ ਹਨ ਜਿਨ੍ਹਾਂ ਨੂੰ ਚੌੜਾ ਕਰਨ ਦੀ ਲੋੜ ਹੈ ਅਤੇ ਉਨ੍ਹਾਂ 'ਤੇ ਵੀ ਰੇਲਿੰਗ ਲਗਾਉਣੀ ਚਾਹੀਦੀ ਹੈ। ਲੋਕਾਂ ਦੀ ਪੰਜਾਬ ਸਰਕਾਰ ਅਤੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਹੈ ਕਿ ਇਸ ਗੱਦੀ ਨਾਲੇ ਦੀ ਟੁੱਟੀ ਰੇਲਿੰਗ ਦੀ ਜਲਦੀ ਤੋਂ ਜਲਦੀ ਮੁਰੰਮਤ ਕਰਵਾਈ ਜਾਵੇ ਤਾਂ ਜੋ ਹਨੇਰੇ-ਸਵੇਰੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

ਮੁਲਾਜ਼ਮ/ਪੈਨਸ਼ਨਰ ਮਸਲਿਆਂ ਦੀ ਅਣਦੇਖੀ ਕਰਨ ਦੀ ਜ਼ੋਰਦਾਰ ਨਿੰਦਾ

ਤਰਨ ਤਾਰਨ (ਨ ਜ਼ ਸ)

ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸਮੁੱਚੇ ਵਾਜਿਬ ਮਸਲਿਆਂ ਦੀ ਅਣਦੇਖੀ ਕਰਕੇ 1 ਦਸੰਬਰ 2023 ਤੋਂ ਸਿਰਫ 4 ਫੀਸਦੀ ਮਹਿੰਗਾਈ ਭੱਤਾ ਦੇਣ ਦਾ ਐਲਾਨ ਕਰਨ ਦੀ ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ: ਨੰਬਰ 41 ਦੀ ਸੂਬਾ ਕਮੇਟੀ ਨੇ ਤਿੱਖੀ ਨੁਕਤਾਚੀਨੀ ਕੀਤੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਜਨਰਲ ਸਕੱਤਰ ਸਰਿੰਦਰਪਾਲ ਸਿੰਘ ਲਾਹੌਰੀਆ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਕਿਹਾ ਕਿ ਮੁਲਾਜ਼ਮਾਂ ਦੇ ਬਣਦੇ ਹੱਕ ਨੂੰ ਨਵੇਂ ਸਾਲ ਦਾ ਤੋਹਫਾ ਦੱਸਣ ਵਾਲਾ ਪੰਜਾਬ ਸਰਕਾਰ ਦਾ ਬਿਆਨ ਸਮੁੱਚੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਕੋਝਾ ਮਜ਼ਾਕ ਹੈ। ਆਗੂਆਂ ਨੇ ਕਿਹਾ ਕਿ ਪੈਂਡਿੰਗ 12 ਫੀਸਦੀ ਮਹਿੰਗਾਈ ਭੱਤਾ ਦੇਣ ਦੀ ਬਜਾਏ 4 ਫੀਸਦੀ ਮਹਿੰਗਾਈ ਭੱਤਾ ਦੇਣਾ ਅਤੇ ਬਾਕੀ ਸਾਰੇ ਪੈਂਡਿੰਗ ਮਸਲਿਆਂ ਨੂੰ ਵੱਟੇ ਖਾਤੇ ਪਾਉਣ ਦੀ ਪੰਜਾਬ ਸਰਕਾਰ ਦੀ ਨੀਤੀ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਹੈ ਜਿਸ ਦਾ ਸੰਘਰਸ਼ਾਂ ਰਾਹੀਂ ਮੂੰਹਤੋੜ ਜਵਾਬ ਦਿੱਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਤਨਖਾਹ ਸਕੇਲਾਂ ਦਾ ਜਨਵਰੀ 2016 ਤੋਂ 30 ਜੂਨ 2021 ਤੱਕ ਦਾ ਪੈਂਡਿੰਗ ਬਕਾਇਆ ਜਾਰੀ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਕੱਚੇ ਕਾਮੇ ਪੱਕੇ ਕਰਨ, ਪੈਨਸ਼ਨਰਾਂ ਤੇ 2.59 ਦਾ ਫਾਰਮੂਲਾ ਲਾਗੂ ਕਰਨ, ਮਾਣ-ਭੱਤਾ ਵਰਕਰਾਂ ਨੂੰ ਬੱਝਵੀਂ ਤ

20-Dec-PAGE-4.qxd 12/19/2023 10:23 PM Page 1

ਨਵਾਂ ਜ਼ਮਾਨਾ
ਬੁੱਧਵਾਰ, 20 ਦਸੰਬਰ 2023

ਸੰਸਦ 'ਤੇ ਬੁਲਡੋਜ਼ਰ

ਭਾਰਤੀ ਲੋਕਤੰਤਰ ਦੇ ਇਤਿਹਾਸ ਵਿੱਚ ਇੱਕ ਹੋਰ ਕਾਲਾ ਪੰਨਾ ਜੁੜ ਗਿਆ ਹੈ। ਦੋ ਦਿਨਾਂ ਵਿੱਚ 127 ਸਾਂਸਦਾਂ ਨੂੰ ਸੰਸਦ ਦੇ ਪੂਰੇ ਅਜਲਾਸ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ 14 ਸਾਂਸਦਾਂ ਨੂੰ ਮੁਅੱਤਲ ਕੀਤਾ ਸੀ। ਇਸ ਤਰ੍ਹਾਂ ਹੁਣ ਤੱਕ 141 ਸਾਂਸਦ ਮੁਅੱਤਲ ਕੀਤੇ ਜਾ ਚੁੱਕੇ ਹਨ। ਇਸ ਨੂੰ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਬੁਲਡੋਜ਼ਰ ਦੀ ਸਰਕਾਰ ਨੇ ਸੰਸਦ 'ਤੇ ਹੀ ਬੁਲਡੋਜ਼ਰ ਚਲਾ ਦਿੱਤਾ ਹੈ। ਇਨ੍ਹਾਂ ਵਿੱਚ ਸਭ ਵਿਰੋਧੀ ਪਾਰਟੀਆਂ ਦੇ ਸੰਸਦੀ ਦਲ ਦੇ ਆਗੂ ਵੀ ਹਨ।

ਇਸ ਮੁਅੱਤਲੀ ਉੱਤੇ ਪ੍ਰਤੀਕ੍ਰਿਆ ਪ੍ਰਗਟ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਨੇ ਕਿਹਾ ਹੈ, 'ਇਹ (ਸੱਤਾਧਾਰੀ) ਨਵੇਂ ਸੰਸਦ ਭਵਨ ਨੂੰ ਲੋਕਤੰਤਰ ਦਾ ਕਬਰਿਸਤਾਨ ਬਣਾਉਣਾ ਚਾਹੁੰਦੇ ਹਨ। ਇੱਕ ਨਵਾਂ ਨਿਯਮ ਬਣਾਇਆ ਜਾ ਰਿਹਾ ਹੈ, ਨੀਂਦ ਦੀਆਂ ਗੋਲੀਆਂ ਖਾ ਕੇ ਆਓ, ਕਿਉਂਕਿ ਮੂੰਹ ਖੋਲ੍ਹਣ ਤੇ ਸਵਾਲ ਪੁੱਛਣ ਦੀ ਇਜਾਜ਼ਤ ਨਹੀਂ ਹੈ।'

ਅਸਲ ਵਿੱਚ ਇਹ ਕਾਰਵਾਈ ਮੋਦੀ ਹਕੂਮਤ ਵੱਲੋਂ ਆਪਣੇ ਦੂਜੇ ਕਾਰਜਕਾਲ ਦੇ ਆਖ਼ਰੀ ਸੰਸਦ ਸਮਾਗਮ ਵਿੱਚ ਦੇਸ਼-ਭਰ ਦੇ ਲੋਕਾਂ ਨੂੰ ਇਹ ਦੱਸਣ ਲਈ ਕੀਤੀ ਗਈ ਹੈ ਕਿ ਉਸ ਦੀ ਨਜ਼ਰ ਵਿੱਚ ਸੰਸਦ ਦੀ ਕੋਈ ਕੀਮਤ ਨਹੀਂ। ਇਹ ਨੰਗਾ-ਚਿੱਟਾ ਫਾਸ਼ੀਵਾਦ ਹੈ। ਕੁਝ ਨੌਜਵਾਨ ਬੇਰੁਜ਼ਗਾਰੀ ਦੇ ਮੁੱਦੇ ਉੱਤੇ ਲੋਕਾਂ ਦਾ ਧਿਆਨ ਖਿੱਚਣ ਲਈ ਪੂਰੀ ਸੁਰੱਖਿਆ ਨੂੰ ਉਲੰਘ ਕੇ ਸੰਸਦ ਵਿੱਚ ਧੂੰਆਂ ਫੈਲਾ ਦਿੰਦੇ ਹਨ। ਇਹ ਸੰਸਦ ਦੀ ਸੁਰੱਖਿਆ ਵਿੱਚ ਵੱਡੀ ਕੁਤਾਹੀ ਸੀ। ਇਸ ਕਰਕੇ ਵਿਰੋਧੀ ਦਲਾਂ ਦੇ ਸਾਂਸਦ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਤੋਂ ਬਿਆਨ ਦੇਣ ਦੀ ਮੰਗ ਕਰਦੇ ਸਨ।

ਪ੍ਰਧਾਨ ਮੰਤਰੀ ਸੰਸਦ ਤੋਂ ਬਾਹਰ ਇਸ ਮੁੱਦੇ 'ਤੇ ਬੋਲ ਰਹੇ ਹਨ ਤੇ ਇਸ ਨੂੰ ਗੰਭੀਰ ਮਾਮਲਾ ਕਹਿੰਦੇ ਹਨ। ਅਗਰ ਇਹ ਗੰਭੀਰ ਮਾਮਲਾ ਹੈ ਤਾਂ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਸੰਸਦ ਵਿੱਚ ਆ ਕੇ ਦੇਸ਼ ਨੂੰ ਭਰੋਸੇ ਵਿੱਚ ਲੈਣਾ ਚਾਹੀਦਾ ਸੀ। ਸਾਡੇ ਪਾਰਲੀਮੈਂਟਰੀ ਸਿਸਟਮ ਦਾ ਇਹ ਪ੍ਰਮਾਣਿਤ ਨਿਯਮ ਹੈ ਕਿ ਚੱਲ ਰਹੇ ਸੰਸਦ ਸਮਾਗਮ ਦੌਰਾਨ ਕੋਈ ਸਾਂਸਦ ਬਾਹਰ ਬਿਆਨ ਨਹੀਂ ਦੇ ਸਕਦਾ, ਜੋ ਉਸ ਨੇ ਕਹਿਣਾ ਹੈ ਸੰਸਦ ਵਿੱਚ ਕਹੇ। ਇਹ ਵਿਸ਼ੇਸ਼ ਅਧਿਕਾਰ ਦੀ ਉਲੰਘਣਾ ਮੰਨੀ ਜਾਂਦੀ ਹੈ। ਸੱਤਾਧਾਰੀਆਂ ਲਈ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਸਾਡੇ ਪ੍ਰਧਾਨ ਮੰਤਰੀ ਲਈ ਸੰਸਦ ਦੀ ਕੋਈ ਕੀਮਤ ਨਹੀਂ। ਉਹ ਦੇਸ਼ ਦੇ ਲੋਕਾਂ ਨੂੰ ਕਹਿ ਰਹੇ ਹਨ ਕਿ ਤੁਹਾਡੀਆਂ ਵੋਟਾਂ ਨਾਲ ਚੁਣੀ ਗਈ ਸੰਸਦ ਦੀ ਉਨ੍ਹਾ ਨੂੰ ਕੋਈ ਪ੍ਰਵਾਹ ਨਹੀਂ। ਸੰਸਦ ਦੇ ਪ੍ਰੀਜ਼ਾਈਡਿੰਗ ਅਧਿਕਾਰੀ ਜਿਸ ਤਰ੍ਹਾਂ ਦਾ ਵਿਹਾਰ ਕਰਦੇ ਹਨ, ਉਸ ਨੂੰ ਲੋਕਤੰਤਰ ਨਹੀਂ, ਧੱਕੇਸ਼ਾਹੀ ਕਿਹਾ ਜਾ ਸਕਦਾ ਹੈ। ਇੱਕ ਤੋਂ ਬਾਅਦ ਇੱਕ ਸਾਂਸਦ ਨੂੰ ਜਦੋਂ ਮਰਜ਼ੀ ਬਾਹਰ ਦਾ ਰਾਹ ਦਿੱਖਾ ਦਿੱਤਾ ਜਾਂਦਾ ਹੈ। ਮਹੂਆ ਮੋਇਤਰਾ ਤੇ ਡੈਰੇਕ'ਓ ਬ੍ਰਾਇਨ ਇਸ ਦੀਆਂ ਮਿਸਾਲਾਂ ਹਨ।

ਸੰਘ ਬਿਰਗੇਡ ਦਾ ਇੱਕੋ-ਇੱਕ ਮਕਸਦ ਲੋਕਤੰਤਰ ਨੂੰ ਖ਼ਤਮ ਕਰਕੇ ਫਾਸ਼ੀ ਰਾਜ ਦੀ ਸਥਾਪਨਾ ਹੈ। ਵਿਰੋਧੀ ਦਲ ਦੇ ਸਾਂਸਦਾਂ ਨੂੰ ਬਾਹਰ ਕੱਢ ਕੇ ਹੁਣ ਉਹ ਅਜਿਹੇ ਕਾਨੂੰਨ ਪਾਸ ਕਰਨਗੇ, ਜਿਹੜੇ ਲੋਕਤੰਤਰ ਦੀਆਂ ਜੜ੍ਹਾਂ ਖੋਖਲੀਆਂ ਕਰ ਸਕਣ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਕੇ ਮਨਮਰਜ਼ੀ ਦਾ ਚੋਣ ਕਮਿਸ਼ਨ ਨਿਯੁਕਤ ਕਰਨ ਦਾ ਅਧਿਕਾਰ ਹਾਸਲ ਕਰ ਲਿਆ ਗਿਆ ਹੈ। ਵਿਰੋਧੀਆਂ ਨੂੰ ਚੁੱਪ ਕਰਾਉਣ ਲਈ ਅਪਰਾਧਿਕ ਕੋਡ ਬਿੱਲ ਲਿਆਂਦਾ ਗਿਆ ਹੈ। ਇਸ ਦੀ ਇੱਕ ਧਾਰਾ ਇਹ ਹੈ ਕਿ ਕਿਸੇ ਵੀ ਤਰ੍ਹਾਂ ਦੀ ਆਰਥਕ ਆਲੋਚਨਾ ਨੂੰ ਕੌਮੀ ਨੁਕਸਾਨ ਮੰਨਿਆ ਜਾਵੇਗਾ। ਉਸ ਨੂੰ ਅੱਤਵਾਦੀ ਕਾਰਵਾਈ ਸਮਝਿਆ ਜਾਵੇਗਾ। ਇਹ ਬਿੱਲ ਪਾਸ ਹੋਣ ਤੋਂ ਬਾਅਦ ਜਿਹੜਾ ਵੀ ਅਡਾਨੀ-ਅੰਬਾਨੀ ਵਿਰੁੱਧ ਬੋਲੇਗਾ, ਉਹ ਕਾਨੂੰਨ ਦੀਆਂ ਨਜ਼ਰਾਂ ਵਿੱਚ ਗੁਨਾਹਗਾਰ ਹੋਵੇਗਾ, ਉਸ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਸੁੱਟ ਦਿੱਤਾ ਜਾਵੇਗਾ।

ਸੱਤਾਧਾਰੀ ਪੂਰੇ ਜ਼ੋਰ ਨਾਲ ਫਾਸ਼ੀਵਾਦ ਦੀ ਸਥਾਪਨਾ ਵੱਲ ਵਧ ਰਹੇ ਹਨ। ਇਸ ਦੇ ਮੁਕਾਬਲੇ ਲਈ ਵਿਰੋਧੀ ਧਿਰਾਂ ਨੂੰ ਹੁਣ ਸੜਕਾਂ ਮੱਲਣੀਆਂ ਪੈਣਗੀਆਂ। ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਫਾਸ਼ੀਵਾਦੀ ਲੋਕ ਕਾਇਰ ਹੁੰਦੇ ਹਨ। ਉਨ੍ਹਾਂ ਦੀ ਟੇਕ ਸਾਜ਼ਿਸ਼ਾਂ ਉੱਤੇ ਹੁੰਦੀ ਹੈ। ਉਹ ਸਾਹਮਣੇ ਆ ਕੇ ਮੁਕਾਬਲਾ ਕਰਨ ਤੋਂ ਡਰਦੇ ਰਹਿੰਦੇ ਹਨ। ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਸੱਤਾਧਾਰੀ ਸੰਸਦ ਸੁਰੱਖਿਆ ਦੇ ਮੁੱਦੇ 'ਤੇ ਇਸ ਲਈ ਵੀ ਬਹਿਸ ਤੋਂ ਭੱਜਦੇ ਹਨ, ਕਿਉਂਕਿ ਇਸ ਨਾਲ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦਾ ਮੁੱਦਾ ਦੇਸ਼ ਦੇ ਏਜੰਡੇ ਉੱਤੇ ਆ ਜਾਣਾ ਸੀ। ਸੰਸਦ ਦੀ ਸੁਰੱਖਿਆ ਨੂੰ ਸੰਨ੍ਹ ਲਾਉਣ ਵਾਲੇ ਨੌਜਵਾਨ ਕੋਈ ਮੁਜਰਿਮ ਜਾਂ ਅੱਤਵਾਦੀ ਨਹੀਂ ਹਨ, ਉਹ ਉੱਚ ਵਿਦਿਆ ਪ੍ਰਾਪਤ ਹਨ ਤੇ ਬੇਰੁਜ਼ਗਾਰੀ ਦੇ ਮੁੱਦੇ ਨੂੰ ਦੇਸ਼ ਸਾਹਮਣੇ ਲਿਆਉਣਾ ਚਾਹੁੰਦੇ ਸਨ। ਇਸ ਗੱਲ ਨੂੰ ਵੀ ਧਿਆਨ ਵਿੱਚ ਰੱਖ ਕੇ ਲੋਕਤੰਤਰ ਦੀਆਂ ਪੈਰੋਕਾਰ ਸ਼ਕਤੀਆਂ ਨੂੰ ਇੱਕਜੁੱਟ ਹੋ ਕੇ ਸੰਘਰਸ਼ ਦਾ ਮੈਦਾਨ ਮੱਲਣਾ ਚਾਹੀਦਾ ਹੈ।

-ਚੰਦ ਫਤਿਹਪੁਰੀ

ਵਿਸ਼ਾਲ ਬ੍ਰਹਿਮੰਡ 'ਤੇ ਮਨੁੱਖ ਦੀ ਔਕਾਤ

ਗੁਰਚਰਨ ਸਿੰਘ ਨੂਰਪੁਰ

ਇੱਕ ਕਾਲਪਨਿਕ ਕਹਾਣੀ ਹੈ ਕਿ ਇੱਕ ਵਾਰ ਇੱਕ ਦੁਨੀਆ ਦੇ ਵੱਡੇ ਧਰਮ ਦੇ ਪ੍ਰਮੁੱਖ ਪੁਜਾਰੀ ਨੂੰ ਸੁਪਨਾ ਆਇਆ ਕਿ ਉਹ ਮਰ ਗਿਆ ਹੈ ਅਤੇ ਮਰ ਕੇ ਸਿੱਧਾ ਸਵਰਗ ਵਿੱਚ ਪਹੁੰਚ ਗਿਆ ਹੈ। ਸਵਰਗ ਵਿੱਚ ਪਹੁੰਚ ਕੇ ਉਹ ਦੇਖਦਾ ਹੈ ਕਿ ਉੱਥੇ ਇੱਕ ਵਿਸ਼ਾਲ ਉੱਚਾ ਲੰਬਾ ਦਰਵਾਜ਼ਾ ਹੈ। ਅਜੀਬ ਜਿਹੀ ਥਾਂ ਹੈ। ਉਹ ਪੁਜਾਰੀ ਹੈਰਾਨ ਹੈ ਕਿ ਕੀ ਗੱਲ ਹੋ ਗਈ ਰੱਬ ਅੱਗਿਓਂ ਆ ਕੇ ਲੈਣ ਕਿਉਂ ਨਹੀਂ ਆਇਆ? ਕੀ ਉਸ ਨੂੰ ਮੇਰੇ ਆਉਣ ਦਾ ਪਤਾ ਨਾ ਲੱਗਾ ਹੋਵੇ? ਉਹ ਉੱਚੀ-ਉੱਚੀ ਆਵਾਜ਼ਾਂ ਮਾਰਦਾ ਹੈ। ਦਰਵਾਜ਼ਾ ਖੜਕਾਉਂਦਾ ਹੈ, ਪਰ ਆਵਾਜ਼ ਨਹੀਂ ਆਉਂਦੀ। ਉਸ ਦੇ ਬਹੁਤ ਜ਼ਿਆਦਾ ਚਿਲਾਉਣ 'ਤੇ ਇੱਕ ਇੱਕ ਵਿਸ਼ਾਲ ਅਜੀਬ ਜੀਵ ਦਰਵਾਜ਼ੇ ਦੇ ਉਪਰ ਦੀ ਸਿਰ ਬਾਹਰ ਕੱਢਦਾ ਹੈ ਤੇ ਪੁੱਛਦਾ ਹੈ - "ਕੌਣ ਏਂ ਤੂੰ ? ਕੀ ਚਾਹੀਦਾ ਏ ਤੈਨੂੰ ?" ਪੁਜਾਰੀ ਕਹਿੰਦਾ ਹੈ, "ਮੈਂ ਹਾਂ, ਆਪਣੇ ਧਰਮ ਦਾ ਬਹੁਤ ਵੱਡਾ ਪ੍ਰਚਾਰਕ, ਮਹਾਰਾਜ ਕੀ ਗੱਲ ਹੋ ਗਈ? ਕੀ ਤੁਸੀਂ ਸੌਂ ਰਹੇ ਸੀ ਜਾਂ ਮੇਰੇ ਆਉਣ ਦੀ ਤੁਹਾਨੂੰ ਖਬਰ ਹੀ ਨਹੀਂ ਸੀ? ਤੁਸੀਂ ਮੈਨੂੰ ਅੱਗਿਓਂ ਲੈਣ ਆਉਣ ਵਾਲੇ ਸੀ, ਆਏ ਕਿਉਂ ਨਹੀਂ? ਆਖਿਰ ਮਾਮਲਾ ਕੀ ਏ?" ਉਸ ਬਹੁਤ ਵੱਡੇ ਅਜੀਬ ਜੀਵ ਨੇ ਕਿਹਾ "ਕੀ ਬਕਵਾਸ ਕਰ ਰਿਹਾ ਏਂ, ਤੇਰੇ ਜਿਹਾ ਜਾਨਵਰ ਪਹਿਲਾਂ ਕਦੇ ਦੇਖਿਆ ਹੀ ਨਹੀਂ, ਕੌਣ ਏਂ ਤੂੰ?" ਪੁਜਾਰੀ ਨੇ ਹੈਰਾਨ ਹੋ ਕੇ ਪੁੱਛਿਆ, "ਤੂੰ ਗਾਡ (ਰੱਬ) ਨਹੀਂ?"ਉਹ ਅਜੀਬ ਜਾਨਵਰ ਹੱਸਿਆ, "ਗਾਡ! ਗਾਡ ਤਾਂ ਮੈਂ ਅਜੇ ਤੱਕ ਨਹੀਂ ਦੇਖ ਸਕਿਆ, ਪਤਾ ਨਹੀਂ ਉਹ ਹੈ ਵੀ ਜਾਂ ਨਹੀਂ, ਮੈਂ ਤਾਂ ਅਗਾਂਹ ਉਸ ਦੇ ਸਹਾਇਕ ਦੇ ਸਹਾਇਕ ਦਾ ਸਹਾਇਕ ਹਾਂ। ਗਾਡ ਤਾਂ ਬਹੁਤ ਦੂਰ ਦੀ ਗੱਲ ਹੈ, ਪਰ ਤੂੰ ਆ ਕਿੱਥੋਂ ਰਿਹਾ ਏਂ?" ਪੁਜਾਰੀ ਨੇ ਕਿਹਾ, "ਮੈਂ ਆਪਣੇ ਧਰਮ ਦਾ ਬਹੁਤ ਵੱਡਾ ਪੁਜਾਰੀ ਹਾਂ ਅਤੇ ਧਰਮ ਗ੍ਰੰਥਾਂ ਵਿੱਚ ਲਿਖਿਆ ਹੈ, ਜੋ ਕੋਈ ਰੱਬ ਦਾ ਨਾਂਅ ਲੈਂਦਾ ਹੈ, ਆਖਰੀ ਟਾਈਮ 'ਤੇ ਰੱਬ ਉਸ ਨੂੰ ਅੱਗਿਓਂ ਲੈਣ ਆਉਂਦਾ ਹੈ। ਸਵਾਗਤ ਵਿੱਚ ਸ਼ਹਿਨਾਈਆਂ ਵੱਜਦੀਆਂ ਹਨ ਪਰ ਮੇਰੇ ਅੱਜ ਏਥੇ ਆਉਣ ਤੇ ਰੱਬ ਆਇਆ ਹੀ ਨਹੀਂ, ਨਾ ਕੋਈ ਮੇਰੇ ਆਉਣ 'ਤੇ ਜਸ਼ਨ ਹੈ, ਨਾ ਕਲੀ ਛਿੜਕੀ ਗਈ ਹੈ, ਨਾ ਸਵਾਗਤ ਦਾ ਕੋਈ ਨਾਮੋ-ਨਿਸ਼ਾਨ ਹੈ, ਆਖਿਰ ਕਾਰਨ ਕੀ ਹੈ?" ਉਹ ਅਜੀਬ ਜੀਵ ਫਿਰ ਉੱਚੀ-ਉੱਚੀ ਹੱਸਿਆ, "ਇਹ ਕੀ ਬੋਲ ਰਿਹਾ ਏਂ... ਗ੍ਰੰਥ... ਧਰਮ.. ਪੁਜਾਰੀ... ਮੈਂ ਤਾਂ ਇਹ ਨਾਂਅ ਹੀ ਪਹਿਲੀ ਵਾਰ ਸੁਣੇ ਨੇ, ਇਹਨਾਂ ਦਾ ਅਰਥ ਕੀ ਏ।" ਪੁਜਾਰੀ ਨੇ ਕਿਹਾ ਇਸ ਧਰਤੀ ਦੀ ਬਹੁਤ ਵੱਡੀ ਸੁਪਰ ਤਾਕਤ ਅਮਰੀਕਾ ਤੋਂ ਆ ਰਿਹਾ ਹਾਂ। ਉੱਥੋਂ ਦੇ ਲੋਕਾਂ ਦੇ ਧਰਮ ਦਾ ਆਗੂ ਹਾਂ ਮੈਂ।" ਅਜੀਬ ਜੀਵ ਨੇ ਹੈਰਾਨ ਜਿਹਾ ਹੋ ਕੇ ਦੁਬਾਰਾ ਪੁੱਛਿਆ, "ਅਮਰੀਕਾ.... ਧਰਤੀ..... ਤੂੰ ਇਹ ਕੀ ਬੋਲ ਰਿਹਾ ਏਂ? ਪੁਜਾਰੀ ਜਿਸ ਨੂੰ ਆਪਣੇ ਗਿਆਨ ਦਾ ਬੜਾ ਅਭਿਮਾਨ ਸੀ, ਨੇ ਫਿਰ ਕਿਹਾ , "ਭਾਈ ਸਾਹਿਬ ਧਰਤੀ, ਸੂਰਜ ਪਰਵਾਰ ਦਾ ਇੱਕ ਗ੍ਰਹਿ ਹੈ, ਕੀ ਇੰਨਾ ਵੀ ਨਹੀਂ ਜਾਣਦੇ?" ਅਜੀਬ ਜੀਵ ਨੇ ਕਿਹਾ, "ਕੋਈ ਇੱਕ ਸੂਰਜ ਹੈ, ਕਈ ਸੂਰਜ ਹਨ, ਤੁਸੀਂ ਕਿਸ ਧਰਤੀ, ਕਿਸ ਸੂਰਜ ਦੀ ਗੱਲ ਕਰ ਰਹੇ ਹੋ.....?" ਤੇ ਪਾਦਰੀ ਦੀ ਨੀਂਦ ਖੁੱਲ੍ਹ ਗਈ।

ਸੂਰਜ ਜਿਸ ਦੇ ਦੁਆਲੇ, ਧਰਤੀ ਸਮੇਤ 9 ਗ੍ਰਹਿ ਚੱਕਰ ਕੱਢਦੇ ਹਨ, ਨੂੰ ਅਸੀਂ ਸੂਰਜੀ ਪਰਵਾਰ ਜਾਂ ਸੌਰ-ਮੰਡਲ ਕਹਿੰਦੇ ਹਾਂ। ਇਸ ਦੇ ਆਸ-ਪਾਸ ਕੋਈ ਇੱਕ ਸੌ ਅਰਬ ਦੇ ਕਰੀਬ ਤਾਰੇ ਹਨ। ਇਸ ਸਾਰੇ ਦੇ ਸਾਰੇ ਝੁੰਡ ਨੂੰ ਗਲੈਕਸੀ ਕਿਹਾ ਜਾਂਦਾ ਹੈ। ਤਾਰਾ ਵਿਗਿਆਨੀ ਕਹਿੰਦੇ ਹਨ ਕਿ ਸਾਡੀ ਇਹ ਗਲੈਕਸੀ ਇੱਕ ਛੱਲੇ ਵਰਗੀ ਹੈ। ਇਸ ਦੀ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਦੀ ਦੂਰੀ (ਵਿਆਸ) ਨੂੰ ਕਿਲੋਮੀਟਰਾਂ ਵਿੱਚ ਦੱਸਣਾ ਅਸੰਭਵ ਹੈ। ਇਸ ਦੂਰੀ ਨੂੰ ਮਾਪਣ ਲਈ ਭੂਗੋਲ ਵਿਗਿਆਨੀ 'ਪ੍ਰਕਾਸ਼ ਸਾਲ' ਦੀ ਵਰਤੋਂ ਕਰਦੇ ਹਨ, ਜਿਸ ਦਾ ਅਰਥ ਹੁੰਦਾ ਹੈ ਇੱਕ ਸਾਲ ਵਿੱਚ ਪ੍ਰਕਾਸ਼ ਦੁਆਰਾ ਤੈਅ ਕੀਤੀ ਦੂਰੀ। ਪ੍ਰਕਾਸ਼ ਦੀ ਚਾਲ 3 ਕਿਲੋਮੀਟਰ ਪ੍ਰਤੀ ਸੈਕਿਡ ਹੁੰਦੀ ਹੈ। ਸਾਡੀ ਇਸ ਗਲੈਕਸੀ ਦੇ ਜੇਕਰ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜਾਣਾ ਹੈ ਤਾਂ ਇਸ ਲਈ ਇੱਕ ਲੱਖ ਪ੍ਰਕਾਸ਼ ਸਾਲ ਲੱਗਣਗੇ। ਦੂਜੇ ਅਰਥਾਂ ਵਿੱਚ ਜੇਕਰ ਕੋਈ ਅਜਿਹੀ ਸ਼ਟਲ ਵਿਕਸਤ ਕਰ ਲਈਏ, ਜਿਸ ਦੀ ਰਫਤਾਰ ਚਾਨਣ ਦੀ ਰਫਤਾਰ ਜਿੰਨੀ ਹੋਵੇ ਤਾਂ ਸਾਨੂੰ ਗਲੈਕਸੀ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜਾਣ ਲਈ ਇੱਕ ਲੱਖ ਸਾਲ ਲੱਗਣਗੇ। ਜ਼ਰਾ ਖਿਆਲ ਕਰੋ ਕਿ ਇਹ ਕਿੰਨੀ ਵਿਸ਼ਾਲ ਹੋਵੇਗੀ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਹ ਸਾਡੀ ਗਲੈਕਸੀ ਇੱਕ ਦਰਮਿਆਨੇ ਆਕਾਰ ਦੀ ਗਲੈਕਸੀ ਹੈ। ਬ੍ਰਹਿਮੰਡ ਵਿੱਚ ਇਸ ਸਮੇਂ ਤਕ ਵੇਖੀਆਂ ਗਈਆਂ ਅਜਿਹੀਆਂ ਗਲੈਕਸੀਆਂ ਦੀ ਗਿਣਤੀ ਸੌ ਅਰਬ ਦੇ ਕਰੀਬ ਹੈ। ਵਿਗਿਆਨੀਆਂ ਵੱਲੋਂ ਹੁਣ ਤੱਕ ਵੇਖੇ ਗਏ ਬ੍ਰਹਿਮੰਡ ਨੂੰ ਜੇਕਰ ਧਰਤੀ ਦੇ ਆਕਾਰ ਜਿੰਨਾ ਮੰਨ ਲਿਆ ਜਾਵੇ ਤਾਂ ਇਹਦੇ ਮੁਕਾਬਲੇ ਧਰਤੀ ਰੇਤ ਦੇ ਇੱਕ ਬਰੀਕ ਤੋਂ ਬਰੀਕ ਕਿਣਕੇ ਜਿੰਨੀ ਰਹਿ ਜਾਵੇਗੀ ਤੇ ਇਸ ਬਰੀਕ ਕਿਣਕੇ 'ਤੇ ਕਿਸੇ ਦੇਸ਼, ਕਿਸੇ ਧਰਮ ਤੇ ਕਿਸੇ ਮਨੁੱਖ ਦੀ ਬ੍ਰਹਿਮੰਡ ਮੁਕਾਬਲੇ ਕੀ ਔਕਾਤ ਹੋਈ ਭਲਾ?

ਪੁਰਾਣੇ ਮਨੁੱਖ ਦਾ ਵਿਸ਼ਵਾਸ ਸੀ ਕਿ ਸੂਰਜ ਧਰਤੀ ਦੁਆਲੇ ਘੁੰਮ ਰਿਹਾ ਹੈ। ਧਰਤੀ ਬ੍ਰਹਿਮੰਡ ਦਾ ਕੇਂਦਰ ਹੈ। ਮਨੁੱਖ ਦੀ ਇਸ ਸੋਚ ਪਿੱਛੇ ਸ਼ਾਇਦ ਕੁਝ ਮਨੋਵਿਗਿਆਨਕ ਕਾਰਨ ਸਨ। ਉਹ ਇਹ ਕਿ ਮਨੁੱਖੀ ਮਨ ਸਮਝਦਾ ਹੈ ਕਿ ਇਸ ਧਰਤੀ ਅਤੇ ਇਸ ਦੇ ਆਸ-ਪਾਸ ਜੋ ਵਰਤਾਰੇ ਚੱਲ ਰਹੇ ਹਨ, ਉਹ ਸਿਰਫ ਤੇ ਸਿਰਫ ਉਸ ਉੱਪਰ ਹੀ ਕੇਂਦਰਤ ਹਨ। ਜਿਵੇਂ ਕਿ ਪ੍ਰਚਲਤ ਜੋਤਿਸ਼ ਦਾ ਆਧਾਰ ਵੀ ਉਸ ਦੀ ਅਜਿਹੀ ਸੋਚ ਹੀ ਹੈ। ਪੁਰਾਤਨ ਮਨੁੱਖ ਦੀ ਅਜਿਹੀ ਮਾਨਕਿਤਾ ਦਾ ਕਾਰਨ ਉਸ ਦੀ ਅਗਿਆਨਤਾ ਸੀ। ਸਮੇਂ ਦੇ ਬੀਤਣ ਨਾਲ ਸਾਨੂੰ ਬ੍ਰਹਿਮੰਡ ਦੀ ਵਿਸ਼ਾਲਤਾ ਦਾ ਅਨੁਭਵ ਹੋ ਰਿਹਾ ਹੈ, ਪਰ ਸਾਡੀਆਂ ਸੋਚਾਂ ਦਾ ਦਾਇਰਾ ਜਿਵੇਂ ਹੋਰ ਤੰਗ ਹੋ ਰਿਹਾ ਹੈ। ਅੱਜ ਜਦੋਂ ਮਨੁੱਖ ਬਹੁਤ ਜਿਆਦਾ ਅਕਲਵਾਨ ਹੋ ਗਿਆ ਹੈ। ਉਸ ਦੀ ਅਕਲ ਨੇ ਕਈ ਹੈਰਾਨੀਜਨਕ ਕਾਰਨਾਮੇ ਕੀਤੇ ਹਨ ਤਾਂ ਅੱਜ ਵੀ ਉਹ ਆਪਣੀ ਸੌੜੀ ਸੋਚ ਦਾ ਤਿਆਗ ਨਹੀਂ ਕਰ ਸਕਿਆ। ਅੱਜ ਇੱਕੀਵੀਂ ਸਦੀ ਵਿੱਚ ਵੀ ਲੋਕ ਧਰਮਾਂ, ਜਾਤਾਂ, ਨਸਲਾਂ ਅਤੇ ਬੋਲੀਆਂ ਦੇ ਆਧਾਰ 'ਤੇ ਵੰਡੇ ਹੋਏ ਹਨ, ਲੜ ਰਹੇ ਹਨ।

ਇਹ ਗੱਲ ਧਰਤੀ 'ਤੇ ਰਹਿੰਦੇ ਹਰ ਮਨੁੱਖ ਨੂੰ ਸਮਝਣੀ ਚਾਹੀਦੀ ਹੈ। ਸਭ ਤੋਂ ਵੱਧ ਉਹਨਾਂ ਨੂੰ ਸਮਝਣੀ ਚਾਹੀਦੀ ਹੈ, ਜੋ ਇਸ ਇੱਕੀਵੀਂ ਸਦੀ ਵਿੱਚ ਧਰਮਾਂ ਦੇ ਨਾਂਅ 'ਤੇ ਮਨੁੱਖਤਾ ਦਾ ਖੂਨ ਵਹਾ ਰਹੇ ਹਨ। ਦੇਸ਼ਾਂ, ਰਾਸ਼ਟਰਾਂ ਦੇ ਨਾਂਅ 'ਤੇ ਜੰਗ-ਯੁੱਧ ਲੜੇ ਹਨ। ਬੰਬਾਂ, ਬੰਦੂਕਾਂ, ਟੈਂਕਾਂ ਨਾਲ ਵਸਦੀਆਂ-ਹੱਸਦੀਆਂ ਆਬਾਦੀਆਂ ਨੂੰ ਤਬਾਹ ਕਰ ਰਹੇ ਹਨ। ਪੂਰੀ ਦੁਨੀਆ ਵਿੱਚ ਹਥਿਆਰਾਂ ਦੀ ਖੇਤੀ ਇੰਨੀ ਵੱਡੀ ਪੱਧਰ 'ਤੇ ਹੋ ਰਹੀ ਹੈ ਕਿ ਜੇਕਰ ਇਹੋ ਪੈਸਾ ਮਨੁੱਖ ਦੀ ਭਲਾਈ ਵਿੱਚ ਲਾਇਆ ਜਾਵੇ ਤਾਂ ਪੂਰੀ ਮਨੁੱਖਤਾ ਨੂੰ ਚੰਗਾ ਰਹਿਣ-ਸਹਿਣ ਪ੍ਰਦਾਨ ਹੋ ਸਕਦਾ ਹੈ। ਬੰਬ, ਬਾਰੂਦ ਬਣਾਉਣ ਵਾਲਿਆਂ ਲਈ ਮਨੁੱਖਤਾ ਨੂੰ ਜੰਗ ਦੀ ਭੱਠੀ ਵਿੱਚ ਝੋਕਣਾ ਸ਼ਾਇਦ ਹੁਣ ਇੱਕ ਖੇਡ ਬਣ ਗਈ ਹੈ। ਮਨੁੱਖੀ ਸੱਭਿਅਤਾ ਦੇ ਇਸ ਸੱਭਿਅਕ ਅਖਵਾਏ ਜਾਣ ਵਾਲੇ ਦੌਰ ਵਿੱਚ ਵੀ ਦੁਨੀਆ ਦੇ ਕਿਸੇ ਨਾ ਕਿਸੇ ਖਿੱਤੇ ਵਿੱਚ ਜੰਗ ਜਾਰੀ ਹੈ। ਇਸ ਸਮੇਂ ਰੂਸੀ ਸੈਨਾਵਾਂ ਯੂਕਰੇ

20-DEC-PAGE-5.qxd 12/19/2023 10:31 PM Page 1

ਕੇ ਕੇ ਯੂ ਨੇ ਕੋਟਲੀ ਅਬਲੂ 'ਚੋਂ ਸਮਾਰਟ ਮੀਟਰ ਪੁੱਟ ਕੇ ਦਫਤਰ ਜਮ੍ਹਾਂ ਕਰਵਾਏ

ਅਧਿਕਾਰੀ ਦੇ ਅੜੀਅਲ ਵਤੀਰੇ ਖਿਲਾਫ ਦਫਤਰ ਮੂਹਰੇ ਦਿੱਤਾ ਧਰਨਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਕਿਰਤੀ ਕਿਸਾਨ ਯੂਨੀਅਨ ਬਲਾਕ ਗਿੱਦੜਬਾਹਾ ਦੇ ਪ੍ਰਧਾਨ ਜਗਮੀਤ ਸਿੰਘ ਕੋਟਲੀ ਦੀ ਅਗਵਾਈ ਹੇਠ ਪਿੰਡ ਕੋਟਲੀ ਅਬਲੂ 'ਚੋਂ ਚਿੱਪ ਵਾਲੇ ਮੀਟਰ ਪੁੱਟ ਕੇ ਅੱਜ ਐੱਸ ਡੀ ਓ ਦਫਤਰ ਗੋਨਿਆਣਾ ਵਿਖੇ ਜਮ੍ਹਾਂ ਕਰਵਾ ਦਿੱਤੇ ਗਏ ਆਗੂਆਂ ਨੇ ਦੱਸਿਆ ਕਿ ਐੱਸ ਡੀ ਓ ਜਗਜੀਤ ਸਿੰਘ ਭੁੱਲਰ ਦੇ ਮੀਟਰ ਜਮ੍ਹਾਂ ਕਰਵਾਉਣ ਤੋਂ ਟਾਲ ਮਟੋਲ ਕਰਨ 'ਤੇ ਉਨ੍ਹਾ ਦੇ ਅੜੀਅਲ ਵਤੀਰੇ ਖਿਲਾਫ ਜਥੇਬੰਦੀ ਵੱਲੋਂ ਦਫਤਰ ਮੂਹਰੇ ਧਰਨਾ ਦਿੱਤਾ ਗਿਆ ਅਤੇ ਬਿਜਲੀ ਮਹਿਕਮੇ ਦੇ ਅਧਿਕਾਰੀਆਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਨਿੱਜੀਕਰਨ ਦੀ ਨੀਤੀ ਤਹਿਤ ਬਿਜਲੀ ਸੋਧ ਬਿੱਲ 2020 ਨੂੰ ਚੁੱਪ ਚੁਪੀਤੇ ਲਾਗੂ ਕਰਦਿਆਂ ਪਿੰਡਾਂ, ਸ਼ਹਿਰਾਂ ਵਿੱਚ ਸਮਾਰਟ ਮੀਟਰ ਲਗਾ ਰਹੀ ਹੈ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਇਸ ਲੋਕ ਵਿਰੋਧੀ ਤੇ ਕਾਰਪੋਰੇਟ ਪੱਖੀ ਨੀਤੀ ਨੂੰ ਬੜੀ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ। ਲੋਕਾਂ ਨੂੰ ਗੁਮਰਾਹ ਕਰਨ ਲਈ ਬਿਜਲੀ ਕਰਮਚਾਰੀਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਇਹ ਸਧਾਰਨ ਮੀਟਰ ਹਨ, ਚਿੱਪ ਵਾਲੇ ਮੀਟਰ ਨਹੀਂ। ਸਰਕਾਰ ਦੀ ਅਸਲ ਮਨਸ਼ਾ ਵੱਧ ਤੋਂ ਵੱਧ ਸਮਾਰਟ ਮੀਟਰ ਲਗਾਉਣ ਦੀ ਹੈ ਤਾਂ ਜੋ ਮਜ਼ਦੂਰਾਂ, ਕਿਸਾਨਾਂ ਨੂੰ ਮਿਲਦੀਆਂ ਸਹੂਲਤਾਂ ਬੰਦ ਕੀਤੀਆਂ ਜਾ ਸਕਣ। ਕਿਰਤੀ ਕਿਸਾਨ ਯੂਨੀਅਨ ਵੱਲੋਂ ਭਗਵੰਤ ਮਾਨ ਸਰਕਾਰ ਦੇ ਮਾੜੇ ਮਨਸੂਬਿਆਂ ਨੂੰ ਕਦਾਚਿਤ ਸਫਲ ਨਹੀਂ ਹੋਣ ਦਿੱਤਾ ਜਾਵੇਗਾ ਤੇ ਪਿੰਡਾਂ ਵਿੱਚ ਸਮਾਰਟ ਮੀਟਰ ਲਗਾਉਣ ਦੀ ਡੱਟ ਕੇ ਵਿਰੋਧਤਾ ਕੀਤੀ ਜਾਵੇਗੀ।

ਜਥੇਬੰਦੀ ਦੇ ਆਗੂ ਸੂਬਾ ਸਿੰਘ ਕੋਟਲੀ ਤੇ ਜਸਪ੍ਰੀਤ ਸਿੰਘ ਗਰੇਵਾਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਘਰਾਂ 'ਚ ਸਮਾਰਟ ਮੀਟਰ ਨਾ ਲਗਵਾਏ ਜਾਣ, ਜੇਕਰ ਕਿਸੇ ਘਰ ਵਿੱਚ ਚਿੱਪ ਵਾਲੇ ਮੀਟਰ ਲੱਗੇ ਹਨ ਤਾਂ ਉਸ ਦੀ ਜਾਣਕਾਰੀ ਜਥੇਬੰਦੀ ਨੂੰ ਦਿੱਤੀ ਜਾਵੇ ਤਾਂ ਜੋ ਮੀਟਰ ਪੁੱਟ ਕੇ ਬਿਜਲੀ ਦਫਤਰ 'ਚ ਜਮ੍ਹਾਂ ਕਰਵਾ ਦਿੱਤੇ ਜਾਣ। ਆਗੂਆਂ ਨੇ ਬਿਜਲੀ ਮਹਿਕਮੇ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਜੇ ਸਮਾਰਟ ਮੀਟਰ ਮੁੜ ਪਿੰਡ ਵਿੱਚ ਲਗਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿਰਤੀ ਕਿਸਾਨ ਯੂਨੀਅਨ ਇਸ ਦਾ ਡੱਟ ਕੇ ਵਿਰੋਧ ਕਰੇਗੀ ਤੇ ਕਰਮਚਾਰੀਆਂ ਦਾ ਘਰਾਓ ਵੀ ਕਰੇਗੀ। ਇਸ ਮੌਕੇ ਸੁੱਖਾ ਸਿੰਘ ਸੇਵਕ ਸਿੰਘ, ਪ੍ਰਗਟ ਸਿੰਘ ਟਾਫੀ ਬਰਾੜ, ਬਲਜਿੰਦਰ ਸਿੰਘ, ਜਗਗੁਰੂਪ ਸਿੰਘ, ਕਰਮ ਸਿੰਘ, ਬਲਵਿੰਦਰ ਕੌਰ, ਸਤਨਾਮ ਸਿੰਘ, ਬਾਸਾ ਸਿੰਘ, ਭਿੰਦਾ ਸਿੰਘ ਆਦਿ ਆਗੂ ਹਾਜ਼ਰ ਸਨ।

ਪੰਜਾਬੀ ਸਾਹਿਤ ਸਭਾ ਦੀ ਮੀਟਿੰਗ 'ਚ ਚੱਲਿਆ ਰਚਨਾਵਾਂ ਦਾ ਦੌਰ

ਜ਼ੀਰਾ (ਨਰਿੰਦਰ ਅਨੇਜਾ)-ਪੰਜਾਬੀ ਸਾਹਿਤ ਸਭਾ (ਰਜਿ.) ਜ਼ੀਰਾ ਦੀ ਮਾਸਿਕ ਇਕੱਤਰਤਾ ਸ੍ਰੀ ਜੀਵਨ ਮੱਲ ਸੀਨੀਅਰ ਸੈਕੰਡਰੀ ਮਾਡਲ ਹਾਈ ਸਕੂਲ (ਲੜਕੇ) ਨੇੜੇ ਬੱਸ ਸਟੈਂਡ ਜ਼ੀਰਾ ਵਿਖੇ ਸ੍ਰੀ ਹਰੀ ਦਾਸ ਚੌਹਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਆਰੰਭ ਵਿੱਚ ਸਭ ਤੋਂ ਪਹਿਲਾਂ ਲਖਬੀਰ ਸਿੰਘ ਨੇ ਕਵਿਤਾ 'ਵੋਟਾਂ ਆਈਆਂ ਵੇ, ਵੋਟਾਂ ਆਈਆਂ' ਸੁਣਾਈ। ਉਪਰੰਤ ਹਰਜੀਤ ਸਿੰਘ ਬੇਦੀ ਤਲਵੰਡੀ ਭਾਈ ਨੇ ਨਜ਼ਮ 'ਬੰਦੇ ਦੀ ਜੂਨ', ਵਿਵੇਕ ਕੋਪਟ ਈਸੇ ਖਾਂ ਨੇ ਗੀਤ 'ਸਾਹਿਤ ਦਾ ਖੇਤਰ ਵਿਸ਼ਾਲ ਸਾਥੀਓ', ਸੁਖਵਿੰਦਰ ਸੁੱਖ ਨੇ ਗੀਤ 'ਊਟੀ', ਜੀਵਨ ਸਿੰਘ ਹਾਣੀ ਨੇ ਗ਼ਜ਼ਲ 'ਮੈਨੂੰ ਜਿਸਦੀ ਬੇਰੁਖੀ ਨੇ', ਵੰਸ਼ਿਕਾ ਚੌਹਾਨ ਨੇ ਗੀਤ 'ਨੂਰ ਬਿਨਾਂ ਸਾਡਾ ਦਿਲ ਨਾ ਲੱਗੇ', ਹਰੀ ਦਾਸ ਚੌਹਾਨ ਨੇ ਕਾਵਿ ਰਚਨਾ 'ਨਹੀਂ ਇਓ ਜਿਹਾ ਗਦਾਰ ਚਾਹੀਦਾ', ਸ਼ੁਭਮ ਚੌਹਾਨ ਨੇ ਕਵਿਤਾ 'ਜਾਚ ਦੱਸਦੇ ਜ਼ਿੰਦਗੀ ਜਿਉਣ ਦੀ' ਅਤੇ ਪ੍ਰਨੀਤ ਕੌਰ ਚੌਹਾਨ ਨੇ ਕਾਵਿ ਲਿਖਤ 'ਨਿੱਕੀ ਜਿਹੀ ਮੈਂ ਬਾਲੜੀ, ਨਾਮ ਮੇਰਾ ਨੂਰ' ਸੁਣਾਈ। ਇਸ ਤੋਂ ਇਲਾਵਾ ਵਰਿੰਦਰ ਜ਼ੀਰਾ, ਰਜਿੰਦਰ ਸਿੰਘ, ਕੁੰਜਬੀਰ ਸਿੰਘ, ਰਾਜ ਅਰੋੜਾ, ਪਰਮਜੀਤ ਤੇ ਰਜਿੰਦਰ ਔਲਖ ਨੇ ਵੀ ਹਾਜ਼ਰੀ ਲਵਾਈ। ਸਟੇਜ ਸੈਕਟਰੀ ਦੀ ਜ਼ਿੰਮੇਵਾਰੀ ਵਰਿੰਦਰ ਜ਼ੀਰਾ ਨੇ ਨਿਭਾਈ। ਹਰ ਰਚਨਾ 'ਤੇ ਉਸਾਰੂ ਚਰਚਾ ਹੋਈ। ਅੰਤ ਵਿੱਚ ਸ੍ਰੀ ਹਰੀ ਦਾਸ ਚੌਹਾਨ ਨੇ ਅਗਲੇ ਮਹੀਨੇ ਮੁੜ ਮਿਲਣ ਦੀ ਆਸ ਨਾਲ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

ਖਾਲਸਾ ਸਕੂਲ 'ਚ ਮੁੜ ਸ਼ੁਰੂ ਹੋ ਸਕਦੀ ਹੈ ਸੈਂਕੜੇ ਸਾਲ ਪੁਰਾਣੇ ਭੂਤ ਦੀ ਪੂਜਾ!

- ਸਕੂਲ ਦੇ ਖੇਡ ਮੈਦਾਨ 'ਚ ਲੱਗਾ ਪੂਜਾ ਸਮੱਗਰੀ ਦਾ ਢੇਰ
- ਹਰ ਵਾਰ ਚੋਣਾਂ ਤੋਂ ਪਹਿਲਾਂ ਪ੍ਰਗਟ ਹੁੰਦੇ ਨੇ ਉਥੇ ਭੂਤ ਨੂੰ ਪ੍ਰਗਟ ਕਰਨ ਵਾਲੇ

ਸਕੂਲ ਦਾ ਖੇਡ ਮੈਦਾਨ, ਜਿੱਥੇ ਪੂਜਾ ਸਥਾਨ ਬਣਿਆ ਦਿਖਾਈ ਦੇ ਰਿਹੈ।

ਤਲਵੰਡੀ ਸਾਬੋ (ਜਗਦੀਪ ਗਿੱਲ)

ਸੌ ਸਾਲਾਂ ਤੋਂ ਵੀ ਵੱਧ ਸਮਾਂ ਪੁਰਾਣੀ ਤਲਵੰਡੀ ਸਾਬੋ ਇਲਾਕੇ ਦੀ ਮਸ਼ਹੂਰ ਵਿੱਦਿਅਕ ਸੰਸਥਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸਾਬੋ ਭਾਵੇਂ ਆਪਣੀਆਂ ਖਾਲਸਾਈ ਰਵਾਇਤਾਂ ਨਿਭਾਉਣ ਦੇ ਨਾਲ ਨਾਲ ਹਰ ਸਾਲ ਹਜ਼ਾਰਾਂ ਬੱਚੇ ਬੱਚੀਆਂ ਨੂੰ ਗਿਆਨ ਵਿਗਿਆਨ ਦੀ ਤਾਲੀਮ ਦੇ ਕੇ ਉਨ੍ਹਾਂ ਦੀ ਚੇਤਨਤਾ ਦਾ ਪੱਧਰ ਉੱਚਾ ਚੁੱਕਣ ਦਾ ਹਰ ਸੰਭਵ ਯਤਨ ਕਰ ਰਹੀ ਹੈ, ਪ੍ਰੰਤੂ ਉਕਤ ਵਿੱਦਿਅਕ ਸੰਸਥਾ ਦੇ ਪਿੱਛੇ ਪਿਆ ਇੱਕ ਵਿਅਕਤੀ ਦਾ ਸੈਂਕੜੇ ਸਾਲ ਪੁਰਾਣਾ ਭੂਤ ਅੱਜ ਤੱਕ ਵੀ ਉਕਤ ਸੰਸਥਾ ਦਾ ਪਿੱਛਾ ਨਹੀਂ ਛੱਡ ਰਿਹਾ।

ਮਾਜਰਾ ਕੁਝ ਇਸ ਤਰ੍ਹਾਂ ਹੈ ਕਿ ਸਕੂਲ ਦੇ ਵਿਹੜੇ ਵਿੱਚ, ਜਿੱਥੇ ਅੱਜਕੱਲ੍ਹ ਬੱਚੇ ਬੱਚੀਆਂ ਦੇ ਖੇਡਣ ਲਈ ਆਲੀਸ਼ਾਨ ਖੇਡ ਮੈਦਾਨ ਬਣਾਇਆ ਗਿਆ ਹੈ, ਉਸ ਮੈਦਾਨ ਦੀ ਇੱਕ ਨੁੱਕਰ ਹਾਲੇ ਵੀ ਅਜਿਹੀ ਹੈ, ਜਿਸ ਨੂੰ ਇੰਜ ਜਾਪਦਾ ਹੈ ਜਿਵੇਂ ਸਕੂਲ ਪ੍ਰਬੰਧਕਾਂ ਵੱਲੋਂ ਸੈਂਕੜੇ ਸਾਲ ਪਹਿਲਾਂ ਮਰ ਚੁੱਕੇ ਉਕਤ ਸ਼ਖਸ ਦੇ ਭੂਤ ਦੀ ਪੂਜਾ ਕਰਨ ਲਈ ਪੂਜਾ ਸਥਾਨ ਬਣਾ ਕੇ ਰੱਖਿਆ ਗਿਆ ਹੋਵੇ।

ਭਾਵੇਂ ਕਈ ਸਾਲ ਪਹਿਲਾਂ ਜਦੋਂ ਇਸ ਮਾਮਲੇ ਨੂੰ ਲੈ ਕੇ ਅਖਬਾਰੀ ਚਰਚਾ ਚੱਲੀ ਸੀ ਤਾਂ ਸਕੂਲ ਵਿੱਚ ਬਣੀ ਉਕਤ ਮਰ ਚੁੱਕੇ ਸ਼ਖਸ ਦੀ ਮੜ੍ਹੀ ਨੂੰ ਇਲਾਕੇ ਦੇ ਮੋਹਤਬਰਾਂ ਦੀ ਹਾਜ਼ਰੀ ਵਿੱਚ ਉਥੋਂ ਚੁਕਵਾ ਦਿੱਤਾ ਗਿਆ ਸੀ।ਕਾਫੀ ਸਮੇਂ ਬਾਅਦ ਇੱਕ ਵਾਰ ਫਿਰ ਤੋਂ ਸਕੂਲ ਦੇ ਉਸੇ ਖੇਡ ਮੈਦਾਨ ਵਿੱਚ ਸੈਂਕੜੇ ਸਾਲ ਪਹਿਲਾਂ ਮਰ ਚੁੱਕੇ ਉਕਤ ਸ਼ਖਸ ਦੀ ਕਥਿਤ ਪੂਜਾ ਕਰਨ ਲਈ ਉੱਥੇ ਪੂਜਾ ਸਮਗਰੀ ਲਿਆ ਕੇ ਰੱਖੀ ਗਈ ਹੈ, ਜਿਸ ਦੇ ਚਲਦਿਆਂ ਇੱਕ ਵਾਰ ਫਿਰ ਤੋਂ ਉਕਤ ਸੰਸਥਾ ਦੀ ਪ੍ਰਬੰਧਕ ਕਮੇਟੀ ਤੇ ਸਟਾਫ ਸਵਾਲਾਂ ਦੇ ਘੇਰੇ ਵਿੱਚ ਆ ਗਏ ਨਜ਼ਰੀਂ ਪੈ ਰਹੇ ਹਨ। ਕੁਝ ਲੋਕਾਂ ਦਾ ਮੰਨਣਾ ਹੈ ਕਿ ਸਕੂਲ ਦੇ ਪ੍ਰਬੰਧ ਉਪਰ ਕਿਉਂਕਿ ਹਮੇਸ਼ਾ ਸਿਆਸੀ ਲੋਕਾਂ ਦਾ ਕਬਜ਼ਾ ਰਿਹਾ ਹੈ, ਇਸ ਲਈ ਜਦੋਂ ਵੀ ਪੰਜਾਬ ਵਿੱਚ ਕੋਈ ਚੋਣ ਆਉਂਦੀ ਹੈ, ਉਦੋਂ ਹੀ ਸਕੂਲ ਦੇ ਇਸ ਖੇਡ ਮੈਦਾਨ ਨੂੰ ਮਰ ਚੁੱਕੇ ਇੱਕ ਵਿਅਕਤੀ ਦਾ ਪੂਜਾ ਸਥਾਨ ਬਣਾਉਣ ਦਾ ਮੁੱਦਾ ਸਿਰ ਚੁੱਕ ਖਲੋਂਦਾ ਹੈ। ਕੁਝ ਸੁਚੇਤ ਲੋਕਾਂ ਅਨੁਸਾਰ ਇੱਕ ਵਾਰ ਫਿਰ ਤੋਂ ਜਦੋਂ 2024 ਵਿੱਚ ਪਾਰਲੀਮੈਂਟ ਦੀਆਂ ਚੋਣਾਂ ਹੋਣ ਵਾਲੀਆਂ ਹਨ ਤਾਂ ਇੱਕ ਖਾਸ ਭਾਈਚਾਰੇ ਦੀਆਂ ਵੋਟਾਂ ਦੀ ਫਸਲ ਵੱਢਣ ਖਾਤਰ ਭੂਤਾਂ ਪ੍ਰੇਤਾਂ ਦੀ ਪੂਜਾ ਵਰਗੇ ਗੈਰ ਵਿਗਿਆਨਕ ਵਰਤਾਰਿਆਂ ਲਈ ਸਕੂਲ ਮੈਦਾਨ ਨੂੰ ਹੀ ਦਾਅ 'ਤੇ ਲਾ ਦਿੱਤਾ ਗਿਆ ਨਜ਼ਰੀਂ ਪੈ ਰਿਹਾ ਹੈ। ਸੱਚਾਈ ਕੁਝ ਵੀ ਹੋਵੇ, ਸਕੂਲ ਦੇ ਵਿਹੜੇ ਵਿੱਚ ਇੱਕ ਵਾਰ ਫਿਰ ਤੋਂ ਅਜਿਹੇ ਗੈਰ-ਵਿਗਿਆਨਕ ਵਰਤਾਰੇ ਦੀ ਸ਼ੁਰੂਆਤ ਨੂੰ ਲੈ ਕੇ ਇੱਕ ਨਵੀਂ ਚਰਚਾ ਛਿੜ ਸਕਦੀ ਹੈ, ਜਿਸ ਚਰਚਾ ਤੋਂ ਭੂਤਾਂ ਪ੍ਰੇਤਾਂ ਦੀ ਹੋਂਦ ਨੂੰ ਲੈ ਕੇ ਬੱਚਿਆਂ ਦੇ ਸੂਖਮ ਦਿਮਾਗਾਂ ਉੱਪਰ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।ਇਸ ਮਾਮਲੇ ਸੰਬੰਧੀ ਪੱਖ ਜਾਨਣ ਲਈ ਜਦੋਂ ਸਕੂਲ ਦੇ ਪ੍ਰਿੰਸੀਪਲ ਬਿਕਰਮਜੀਤ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਕਿਹਾ ਕਿ ਭਾਵੇਂ ਸਕੂਲ ਦੇ ਸਾਰੇ ਗੇਟ ਚਵੇਰਿਓਂ ਬੰਦ ਹੁੰਦੇ ਹਨ, ਪ੍ਰੰਤੂ ਫਿਰ ਵੀ ਕੁਝ ਅਜਨਵੀ ਲੋਕ ਉੱਥੇ ਪਤਾ ਨਹੀਂ ਕਿਸ ਰਸਤਿਓਂ ਆ ਜਾਂਦੇ ਹਨ, ਜੋ ਉਥੇ ਆ ਕੇ ਆਪਣੇ ਪੂਜਾ ਵਰਗੇ ਅਜਿਹੇ ਕੰਮ ਨੂੰ ਅੰਜਾਮ ਦੇਣ ਵਿੱਚ ਕਾਮਯਾਬ ਹੋ ਜਾਂਦੇ ਹਨ।ਉਨ੍ਹਾ ਕਿਹਾ ਕਿ ਰੋਜ਼ਾਨਾ ਬਾਅਦ ਦੁਪਹਿਰ ਜਦੋਂ ਆਮ ਬੱਚਿਆਂ ਦੇ ਖੇਡਣ ਲਈ ਸਕੂਲ ਦੇ ਦਰਵਾਜ਼ੇ ਖੋਲ੍ਹੇ ਜਾਂਦੇ ਹਨ ਤਾਂ ਹੋ ਸਕਦਾ ਹੈ ਕਿ ਉਦੋਂ ਕੁਝ ਲੋਕ ਉੱਥੇ ਅੰਦਰ ਆਉਣ ਵਿੱਚ ਸਫਲ ਹੋ ਜਾਂਦੇ ਹੋਣ, ਜਿਨ੍ਹਾਂ ਵੱਲੋਂ ਉਥੇ ਅਜਿਹੀ ਪੂਜਾ ਸਮੱਗਰੀ ਰੱਖੀ ਜਾਂਦੀ ਹੋਵੇ।

ਕਾਤਰਾਂ

ਬਾਬਾ ਭਗਤੀ ਨਾਥ ਦੀ ਯਾਦ 'ਚ ਦੰਗਲ ਮੇਲਾ ਅੱਜ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਬਾਬਾ ਭਗਤੀ ਨਾਥ ਜੀ ਦੀ 32ਵੀਂ ਬਰਸੀ 'ਤੇ ਉਨ੍ਹਾਂ ਦੀ ਯਾਦ ਵਿੱਚ ਦੰਗਲ ਮੇਲਾ 20 ਦਸੰਬਰ ਨੂੰ ਦੁਸਹਿਰਾ ਮੈਦਾਨ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਹਿਲਵਾਨ ਸ਼ੰਮੀ ਕੁਮਾਰ ਨੇ ਦੱਸਿਆ ਕਿ 20 ਦਸੰਬਰ ਨੂੰ ਦੁਪਹਿਰ 1 ਵਜੇ ਕੁਸ਼ਤੀਆਂ ਦੇ ਮੁਕਾਬਲੇ ਸ਼ੁਰੂ ਹੋਣਗੇ, ਜਿਸ ਵਿੱਚ ਨਾਮੀ ਪਹਿਲਵਾਨ ਭਾਗ ਲੈਣਗੇ। ਉਨ੍ਹਾਂ ਦੱਸਿਆ ਕਿ ਝੰਡੀ ਦੀ ਕੁਸ਼ਤੀ ਦੇ ਜੇਤੂ ਪਹਿਲਵਾਨ ਨੂੰ 51 ਹਜ਼ਾਰ ਰੁਪਏ ਦਾ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ।

ਨਰਜਿੰਦਰ ਕੌਰ ਦੁੱਲਟ ਨਮਿੱਤ ਪਾਠ ਦਾ ਭੋਗ ਅੱਜ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਪਿਛਲੇ ਦਿਨੀਂ ਸਥਾਨਕ ਦੁੱਲਟ ਪੱਤੀ ਦੇ ਜੰਮਪਲ ਭਰਪੂਰ ਸਿੰਘ ਦੁੱਲਟ ਸਾਬਕਾ ਜ਼ਿਲ੍ਹਾ ਮੈਨੇਜਰ ਪੰਜਾਬ ਖਾਦੀ ਤੇ ਗ੍ਰਾਮ ਉਦਯੋਗ ਬੋਰਡ ਦੀ ਪਤਨੀ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਕਲੱਬ ਦੇ ਮੈਂਬਰ ਸੁਖਵਿੰਦਰ ਸਿੰਘ ਦੁੱਲਟ ਦੀ ਮਾਮੀ ਨਰਜਿੰਦਰ ਕੌਰ ਦੁੱਲਟ ਸਾਬਕਾ ਡਿਪਟੀ ਡਾਇਰੈਕਟਰ ਵਿੱਤ ਵਿਭਾਗ ਪੰਜਾਬ ਦਾ ਦਿਹਾਂਤ ਹੋ ਗਿਆ ਸੀ। ਇਸ ਮੌਤ 'ਤੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸ਼ਹੀਦ ਭਾਈ ਦਿਆਲਾ ਸਕੂਲ ਦੇ ਚੇਅਰਮੈਨ ਮਹਿੰਦਰ ਸਿੰਘ ਦੁੱਲਟ, ਕਾ. ਬੀਬੀ ਸ਼ਮਿੰਦਰ ਕੌਰ ਗਿੱਲ, ਪ੍ਰਧਾਨ ਗੁਰਜੰਟ ਸਿੰਘ ਦੁੱਲਟ, ਪ੍ਰਿੰਸੀਪਲ ਨਰਿੰਦਰਪਾਲ ਸ਼ਰਮਾ, ਪਰਮਜੀਤ ਸਿੰਘ ਜੱਸੋਕਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਅੰਮ੍ਰਿਤਪਾਲ ਸਿੰਘ ਸਿੱਧੂ, ਗੁਰਮੀਤ ਸਿੰਘ ਲੱਲੀ ਕੌਂਸਲਰ ਤੋਂ ਇਲਾਵਾ ਹੋਰਨਾਂ ਆਗੂਆਂ ਤੇ ਸਮੂਹ ਪੱਤਰਕਾਰ ਭਾਈਚਾਰੇ ਨੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਸਹਿਜ ਪਾਠ ਦਾ ਭੋਗ 20 ਦਸੰਬਰ ਨੂੰ ਸੈਕਟਰ-21ਸੀ ਚੰਡੀਗੜ੍ਹ ਵਿਖੇ ਪਵੇਗਾ।

ਅਧਿਆਪਕ-ਮਾਪੇ ਮਿਲਣੀ ਸਮਾਰੋਹ 23 ਨੂੰ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਜੋ ਸਿੱਖਿਆ ਤੇ ਖੇਡਾਂ ਦੇ ਖੇਤਰ ਵਿੱਚ ਮੋਹਰੀ ਪੁਲਾਂਘਾਂ ਪੁੱਟ ਰਹੀ ਹੈ, ਵਿਖੇ 23 ਦਸੰਬਰ ਨੂੰ ਅਧਿਆਪਕਾਂ ਤੇ ਬੱਚਿਆਂ ਦੇ ਮਾਪਿਆਂ ਦੀ ਮਿਲਣੀ ਸਮਾਰੋਹ ਕਰਵਾਈ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਸੰਸਥਾ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਅਧਿਆਪਕਾਂ ਤੇ ਬੱਚਿਆਂ ਦੇ ਮਾਪਿਆਂ ਨੂੰ ਬੱਚਿਆਂ ਦੀ ਪੜ੍ਹਾਈ ਤੇ ਪੇਪਰਾਂ ਦੇ ਅੰਕਾਂ ਬਾਰੇ ਜਾਣੂ ਕਰਵਾਇਆ ਜਾਵੇਗਾ ਤੇ ਕਮਜ਼ੋਰ ਬੱਚਿਆਂ ਦੀ ਪੜ੍ਹਾਈ ਵੱਲ ਧਿਆਨ ਦੇਣ ਸਬੰਧੀ ਵਿਚਾਰ ਲਏ ਜਾਣਗੇ।

4 ਪ੍ਰਤੀਸ਼ਤ ਡੀ ਏ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੋਝਾ ਮਜ਼ਾਕ : ਸਾਂਝਾ ਫਰੰਟ

ਮੋਗਾ (ਅਮਰਜੀਤ ਬੱਬਰੀ)-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨੇ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 4% ਡੀ ਏ ਦੇਣ ਦੇ ਕੀਤੇ ਗਏ ਐਲਾਨ ਨੂੰ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੋਝਾ ਮਜ਼ਾਕ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਐਲਾਨ ਤੋਂ ਬਾਅਦ ਵੀ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 38% ਡੀ ਏ ਮਿਲੇਗਾ, ਜਦਕਿ ਕੇਂਦਰੀ ਸਰਕਾਰ ਸਮੇਤ ਪੰਜਾਬ ਦੇ ਗੁਆਂਢੀ ਸੂਬਿਆਂ ਹਰਿਆਣਾ, ਹਿਮਾਚਲ, ਚੰਡੀਗੜ੍ਹ ਤੇ ਜੰਮੂ ਕਸ਼ਮੀਰ ਦੀਆਂ ਸਰਕਾਰਾਂ ਵੱਲੋਂ 46% ਡੀ ਏ ਦਿੱਤਾ ਜਾ ਰਿਹਾ ਹੈ।ਸਾਂਝੇ ਫਰੰਟ ਦੇ ਕਨਵੀਨਰਾਂ ਜਰਮਨਜੀਤ ਸਿੰਘ, ਸਤੀਸ਼ ਰਾਣਾ, ਕਰਮ ਸਿੰਘ ਧਨੌਆ, ਰਣਜੀਤ ਸਿੰਘ ਰਾਣਵਾਂ, ਸਵਿੰਦਰਪਾਲ ਸਿੰਘ ਮੋਲੋਵਾਲੀ, ਭਜਨ ਸਿੰਘ ਗਿੱਲ, ਬਾਜ ਸਿੰਘ

page-6-20-Dec.-2023-(SM).qxd 12/19/2023 10:24 PM Page 1

ਮਛਰਾਲਾ 'ਚ ਰਵਾਇਤੀ ਪਾਰਟੀਆਂ ਦੇ ਵਰਕਰਾਂ ਨੇ ਗੁਰਦੀਪ ਰੰਧਾਵਾ ਦੀ ਅਗਵਾਈ ਕਬੂਲੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਮਛਰਾਲਾ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਬਿਕਰਮ ਸਿੰਘ ਮਸਰਾਲਾ ਦੇ ਗ੍ਰਹਿ ਵਿਖੇ ਰੱਖੀ ਗਈ ਮੀਟਿੰਗ ਵਿੱਚ ਵੱਖ-ਵੱਖ ਰਵਾਇਤੀ ਪਾਰਟੀਆਂ ਦੇ ਪਰਿਵਾਰਾਂ ਨੇ ਹਲਕੇ ਤੇ ਸੀਨੀਅਰ ਆਗੂ ਸ਼ੁਭਕਰਨ ਸਿੰਘ ਠੇਠਰਕੇ ਦੀ ਪ੍ਰੇਰਨਾ ਸਦਕਾ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਕਬੂਲਦੇ ਹੋਏ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ।

ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਨੇ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਮਹਿੰਗਾ ਮਸੀਹ, ਮੰਗਾ ਮਸੀਹ, ਤਰਸੇਮ ਮਸੀਹ, ਅਜੈਬ ਸਿੰਘ, ਸਵਿੰਦਰ ਸਿੰਘ, ਕੁਲਵਿੰਦਰ ਸਿੰਘ, ਮਹਿੰਦਰ ਸਿੰਘ, ਬੇਅੰਤ ਸਿੰਘ, ਪਰਮਿੰਦਰ ਸਿੰਘ, ਪੰਮਾ ਸਿੰਘ, ਬਿਕਰਮਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਸੁੱਚਾ ਸਿੰਘ, ਰਣਜੀਤ ਸਿੰਘ, ਨਿੱਕਾ ਸਿੰਘ, ਗੋਪੀ ਸਿੰਘ, ਨਵਨੀਤ ਸਿੰਘ, ਸੁੱਖਾ ਸਿੰਘ, ਦਾਨਾ ਸਿੰਘ, ਕੁਲਵਿੰਦਰ ਸਿੰਘ, ਬਲਵਿੰਦਰ ਸਿੰਘ, ਅਤਰ ਸਿੰਘ, ਨਿਸ਼ਾਨ ਸਿੰਘ, ਨਿਰਮਲ ਸਿੰਘ, ਕਸ਼ਮੀਰ ਸਿੰਘ, ਅਜੀਤ ਸਿੰਘ ਆਦਿ ਨੂੰ ਪਾਰਟੀ ਦੇ ਨਿਸ਼ਾਨ ਵਾਲੇ ਸਿਰੋਪਾਓ ਪਾ ਕੇ ਪਾਰਟੀ ਵਿੱਚ ਜੀ ਆਇਆਂ ਨੂੰ ਕਿਹਾ। ਰੰਧਾਵਾ ਨੇ ਕਿਹਾ ਕਿ ਪਾਰਟੀ ਵਿੱਚ ਹਰ ਇੱਕ ਸ਼ਾਮਿਲ ਹੋਣ ਵਾਲੇ ਵਰਕਰ ਦਾ ਬਣਦਾ ਮਾਣ-ਸਨਮਾਨ ਕੀਤਾ ਜਾਵੇਗਾ।

ਇਸ ਮੌਕੇ ਹਰਜੀਤ ਸਿੰਘ ਠੇਠਰਕੇ, ਨਿਸ਼ਾਨ ਸਿੰਘ ਮਛਰਾਲਾ, ਕਸ਼ਮੀਰ ਸਿੰਘ ਮਛਰਾਲਾ, ਜੀਤੂ ਮੇਤਲਾ, ਹਰਦੇਵ ਸਿੰਘ ਹਰੂਵਾਲ, ਅਜੈਬ ਸਿੰਘ ਮਛਰਾਲਾ, ਮੋਹਨ ਸਿੰਘ ਮਛਰਾਲਾ, ਬਲਵਿੰਦਰ ਸਿੰਘ ਮਛਰਾਲਾ, ਗੋਪੀ ਚੌੜਾ, ਬਾਬਾ ਬੇਦੀ ਜੋਗੋਵਾਲ ਆਦਿ ਹਾਜ਼ਰ ਸਨ।

ਪੰਜਾਬ ਸਰਕਾਰ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਯਤਨਸ਼ੀਲ: ਸ਼ੈਰੀ ਕਲਸੀ

* ਬਟਾਲਾ ਸ਼ਹਿਰ 'ਚ ਐਂਟਰੀ 'ਤੇ ਸ਼ਾਨਦਾਰ ਗੇਟ ਬਣਾਉਣ ਦਾ ਰੱਖਿਆ ਨੀਂਹ ਪੱਥਰ

ਬਟਾਲਾ (ਡਾ. ਮਲਵਿੰਦਰ ਸਿੰਘ)- ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਦੇ ਵਿਕਾਸ ਤੇ ਸੁੰਦਰੀਕਰਨ ਨੂੰ ਲੈ ਕੇ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਜਲੰਧਰ ਬਾਈਪਾਸ ਤੋਂ ਬਟਾਲਾ ਸ਼ਹਿਰ ਵਿੱਚ ਐਂਟਰੀ 'ਤੇ ਸ਼ਾਨਦਾਰ ਗੇਟ ਬਣਾਉਣ ਦਾ ਨੀਂਹ ਪੱਥਰ ਰੱਖਿਆ ਗਿਆ। ਵਿਧਾਇਕ ਸ਼ੈਰੀ ਕਲਸੀ ਦੇ ਨਾਲ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੈਟ ਅਮਰਪਾਲ ਸਿੰਘ ਅਤੇ ਦਲਬੀਰ ਸਿੰਘ, ਚੇਅਰਮੈਨ ਪੰਜਾਬ ਲਘੂ ਉਦਯੋਗ ਇੰਡਸਟਰੀ ਅਤੇ ਸਪੋਰਟਸ ਵੀ ਮੌਜੂਦ ਸਨ। ਪ੍ਰਵੇਸ਼ ਦੁਆਰ ਦਾ ਨੀਂਹ ਪੱਥਰ ਰੱਖਣ ਉਪਰੰਤ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਦੇ ਸਰਬਪੱਖੀ ਵਿਕਾਸ ਲਈ ਉਹ ਦ੍ਰਿੜ ਸੰਕਲਪ ਹਨ ਅਤੇ ਬਟਾਲਾ ਸ਼ਹਿਰ ਵਿੱਚ ਐਂਟਰੀ 'ਤੇ ਸ਼ਾਨਦਾਰ ਗੇਟ ਉਸਾਰੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜਿਵੇਂ ਜਲੰਧਰ ਬਾਈਪਾਸ ਤੋਂ ਬਟਾਲਾ ਸ਼ਹਿਰ ਵਿੱਚ ਐਂਟਰੀ 'ਤੇ ਗੇਟ ਦੀ ਉਸਾਰੀ ਸ਼ੁਰੂ ਕਰਵਾਈ ਗਈ ਹੈ, ਇਸੇ ਤਰ੍ਹਾਂ ਗੁਰਦਾਸਪੁਰ ਬਾਈਪਾਸ (ਨੇੜੇ ਉਸਮਾਨਪੁਰ ਸਿਟੀ) ਤੋਂ ਬਟਾਲਾ ਸ਼ਹਿਰ ਵਿੱਚ ਐਂਟਰੀ 'ਤੇ ਸ਼ਾਨਦਾਰ ਗੇਟ ਦੀ ਉਸਾਰੀ ਵੀ ਜਲਦ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿਚਲੇ ਸਾਰੇ ਪ੍ਰਮੁੱਖ ਚੌਕਾਂ ਨੂੰ ਚੌੜਿਆਂ ਕੀਤਾ ਗਿਆ ਹੈ, ਜਿਸ ਨਾਲ ਲੋਕਾਂ ਨੂੰ ਆਵਾਜਾਈ ਵਿੱਚ ਵੱਡੀ ਰਾਹਤ ਮਿਲੀ ਹੈ।

ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਯਤਨਸ਼ੀਲ ਹੈ, ਰਾਜ ਭਰ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਕੰਮ ਚੱਲ ਰਹੇ ਹਨ ਅਤੇ ਲੋਕ ਭਲਾਈ ਨੀਤੀਆਂ ਲਾਗੂ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸੂਬੇ ਦੇ 90 ਫੀਸਦ ਲੋਕਾਂ ਦੇ ਬਿੱਲ ਜ਼ੀਰੋ ਆ ਰਹੇ ਹਨ, ਲੋਕਾਂ ਦੇ ਘਰਾਂ ਤੱਕ ਸਿਹਤ ਸਹੂਲਤਾਂ ਨੂੰ ਪੁੱਜਦਾ ਕਰਨ ਲਈ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਸਿੱਖਿਆ ਦਾ ਮਿਆਰ ਹੋਰ ਉੱਚਾ ਚੁੱਕਣ ਲਈ 'ਸਕੂਲ ਆਫ ਐਮੀਨੈਂਸ' ਖੋਲ੍ਹੇ ਗਏ ਗਏ ਅਤੇ ਕੱਚੇ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਗਈਆਂ ਹਨ।

ਇਸ ਤੋਂ ਇਲਾਵਾ ਕਿਸਾਨ, ਮਜ਼ਦੂਰ ਤੇ ਸਨਅਤਕਾਰਾਂ ਦੇ ਹਿੱਤ ਵਿੱਚ ਵੱਡੇ ਫੈਸਲੇ ਲਏ ਗਏ ਹਨ ਅਤੇ ਮਹਿਜ਼ 18 ਮਹੀਨਿਆਂ ਵਿੱਚ ਪੰਜਾਬ ਸਰਕਾਰ ਨੇ ਪਹਿਲੀ ਸਰਕਾਰਾਂ ਦੇ ਮੁਕਾਬਲੇ ਰਿਕਾਰਡ ਵਿਕਾਸ ਕੰਮ ਕੀਤੇ ਹਨ। ਇਸ ਮੌਕੇ ਵੱਡੀ ਗਿਣਤੀ ਵਿੱਚ ਆਪ ਪਾਰਟੀ ਦੇ ਆਗੂ, ਵਰਕਰ ਤੇ ਵਲੰਟੀਅਰ ਮੌਜੂਦ ਸਨ।

ਉਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਕਾਂਟਰੈਕਟ ਦੇ ਆਧਾਰ ਤੇ ਮੈਡਿਕਲ ਪ੍ਰੈਕਿਟਸ਼ਨਰਾਂ ਦੇ ਲਈ ਵਾਕ-ਇਨ-ਇੰਟਰਵਿਊ

ਫਿਰੋਜਪੁਰ ਮੰਡਲ ਵਿਚ ਕਾਂਟਰੈਕਟ ਦੇ ਆਧਾਰ ਤੇ 09 ਮੇਡਿਕਲ ਪ੍ਰੈਕਿਟਸ਼ਨਰਾਂ ਦੀ ਨਿਯੁਕਤੀ ਦੇ ਲਈ ਵਾਕ-ਇਨ-ਇੰਟਰਵਿਊ 04.01.2024 ਨੂੰ ਕਮੇਟੀ ਹਾਲ, ਮੰਡਲ ਰੇਲ ਪ੍ਰਬੰਧਕ ਦਫਤਰ, ਫਿਰੋਜਪੁਰ ਵਿਚ ਆਯੋਜਿਤ ਕੀਤਾ ਜਾਏਗਾ। ਉਮੀਦਵਾਰ ਵਾਕ-ਇਨ-ਇੰਟਰਵਿਊ ਫਾਰਮ ਅਤੇ ਅਧਿਸੂਚਨਾ ਵੈਬਸਾਈਟ https://nr.indianrailways.gov.in/> News&Recruitment info> ਤੋਂ ਡਾਊਨਲੋਡ ਕਰ ਸਕਦੇ ਹਨ। ਕਿਸੇ ਵੀ ਪ੍ਰਸ਼ਨ ਦੇ ਲਈ 977923631, 9540096053 'ਤੇ ਸੰਪਰਕ ਕਰਨ ਜਾਂ srdpofzr@gmail.com 'ਤੇ ਈਮੇਲ ਕਰ ਸਕਦੇ ਹਨ।

ਵਲੋਂ ਮੰਡਲ ਰੇਲ ਪ੍ਰਬੰਧਕ (ਪੀ) ਉਤਰ ਰੇਲਵੇ/ਫਿਰੋਜਪੁਰ

3953/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਸ਼ੋਰ ਪ੍ਰਦੂਸ਼ਣ ਰੋਕਣ ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ... (ਸਫ਼ਾ 4 ਦੀ ਬਾਕੀ)

ਦੀਵਾਲੀ ਅਤੇ ਹੋਰ ਤਿਉਹਾਰਾਂ ਸਮੇਂ ਚਲਾਏ ਜਾਂਦੇ ਪਟਾਕੇ ਖਾਸ ਕਰ ਤਹਿ ਸੀਮਾ, ਵੱਧ ਅਵਾਜ਼ਾਂ ਵਾਲੇ ਰਾਤ ਸਮੇਂ ਮੁਕੰਮਲ ਬੰਦ ਹੋਣੇ ਚਾਹੀਦੇ ਹਨ। ਅਵਾਜ਼ ਚਾਰਦੀਵਾਰੀ ਤੋਂ ਬਾਹਰ ਨਾ ਜਾਵੇ।

ਕੁਝ ਹੋਰ ਦਖ਼ਲ-ਅੰਦਾਜ਼ੀਆਂ ਦੌਰਾਨ ਪਟੀਸ਼ਨ ਦਾ ਦਾਇਰਾ ਹੋਰ ਵੀ ਵਿਸ਼ਾਲ ਹੋ ਗਿਆ ਅਤੇ ਕੋਰਟ ਨੂੰ ਵੀ ਅਨੇਕਾਂ ਪਹਿਲੂਆਂ ਤੇ ਅਨੇਕਾਂ ਕੋਣਾਂ ਤੋਂ ਹਰੇਕ ਸੁਆਲ ਬਾਰੇ ਫੈਸਲਾ ਦੇਣਾ ਪਿਆ ਹੈ।

ਸਾਡੇ ਦੇਸ਼ ਦੇ ਸੰਵਿਧਾਨ ਦੇ ਆਰਟੀਕਲ 21 ਜੀਵਨ ਦੀ ਅਤੇ ਨਿੱਜੀ ਜੀਵਨ ਜਿਊਣ ਦੀ ਗਰੰਟੀ ਦਿੰਦਾ ਹੈ। ਇਹ ਸਭਨਾਂ ਨਾਗਰਿਕਾਂ ਨੂੰ ਬਰਾਬਰ ਸਮਝ ਕੇ ਦਿੱਤੀ ਗਈ ਹੈ। ਇਹ ਸੰਵਿਧਾਨਕ ਹੱਕ ਕੋਰਟਾਂ, ਹਾਈਕੋਰਟ ਦੇ ਅਨੇਕਾਂ ਫੈਸਲਿਆਂ ਰਾਹੀਂ ਵੀ ਦਿੱਤਾ ਗਿਆ ਹੈ ਕਿ ਜੀਵਨ ਦਾ ਅਧਿਕਾਰ ਸੰਵਿਧਾਨ ਦੀ ਆਰਟੀਕਲ 21 ਤਹਿਤ ਕੇਵਲ ਜ਼ਿੰਦਗੀ ਜਿਊਣ ਦਾ ਹੀ ਅਧਿਕਾਰ ਨਹੀਂ ਬਲਕਿ ਮਨੁੱਖ ਨੂੰ ਮਨੁੱਖੀ ਸ਼ਾਨੋ-ਸ਼ੌਕਤ ਨਾਲ ਜਿਊਣ ਦੀ ਗਰੰਟੀ ਦਿੰਦਾ ਹੈ। ਇਸ ਵਿੱਚ ਉਹ ਸਭ ਕੁਝ ਸ਼ਾਮਲ ਹੈ, ਜਿਸ ਨਾਲ ਮਨੁੱਖ ਅਰਥਪੂਰਨ, ਮੁਕੰਮਲ ਤੇ ਜਿਊਣਯੋਗੀ ਜ਼ਿੰਦਗੀ ਜੀਅ ਸਕੇ। ਕੋਈ ਵੀ ਇਹ ਹੱਕ ਨਹੀਂ ਸਮਝ ਸਕਦਾ ਕਿ ਉਹ ਅਜਿਹਾ ਸ਼ੋਰ ਪ੍ਰਦੂਸ਼ਣ ਪੈਦਾ ਕਰੇ ਜਿਹੜੀ ਉਸ ਦੀ ਆਪਣੀ ਚਾਰ ਦੀਵਾਰੀ ਤੋਂ ਬਾਹਰ ਜਾ ਕਿ ਪੜੋਸੀਆਂ ਨੂੰ ਪ੍ਰੇਸ਼ਾਨ ਕਰੇ। ਕੋਈ ਵੀ ਅਜਿਹਾ ਸ਼ੋਰ ਜਿਹੜਾ ਪੜੋਸ ਵਿੱਚ ਅਰਾਮ ਅਤੇ ਸ਼ਾਂਤੀ ਨਾਲ ਰਹਿ ਰਹੇ ਲੋਕਾਂ ਨੂੰ ਪ੍ਰੇਸ਼ਾਨ ਕਰੇ, ਉਹ ਸ਼ੋਰ ਪ੍ਰਦੂਸ਼ਣ ਹੈ। ਇਸ ਲਈ ਕੋਈ ਵੀ ਪ੍ਰੇਸ਼ਾਨੀ ਅਤੇ ਸ਼ੋਰ ਵਿਰੁੱਧ ਪ੍ਰਸ਼ਾਸਨਿਕ ਕਾਰਵਾਈ ਉਸ ਦੀ ਅਵਾਜ਼ ਅਤੇ ਆਸ-ਪਾਸ ਦੇ ਹਾਲਾਤ ਨੂੰ ਦੇਖ ਕੇ ਕਰਨੀ ਬਣਦੀ ਹੈ।

ਜਿਹੜੇ ਵੱਖ-ਵੱਖ ਢੰਗਾਂ ਨਾਲ ਸ਼ੋਰ ਪ੍ਰਦੂਸ਼ਣ ਫੈਲਾਉਂਦੇ ਹਨ, ਉਹ ਸੰਵਿਧਾਨ ਦੀ ਆਰਟੀਕਲ 19(1) ਏ ਅਧੀਨ ਸਹਾਰਾ ਭਾਲਦੇ ਹਨ ਕਿ ਸਾਨੂੰ ਬੋਲਣ ਤੇ ਆਪਣੀ ਗੱਲ ਰੱਖਣ ਦਾ ਅਧਿਕਾਰ ਹੈ। ਬਿਨਾਂ ਸ਼ੱਕ ਵਿਚਾਰ ਪ੍ਰਗਟ ਕਰਨੇ ਅਤੇ ਭਾਸ਼ਣ ਆਦਿ ਦੇਣਾ ਇਸ ਧਾਰਾ ਰਾਹੀਂ ਬੁਨਿਆਦੀ ਹੱਕ ਹੈ, ਪਰ ਕੋਈ ਵੀ ਹੱਕ ਨਿਰੰਕੁਸ਼ ਨਹੀਂ ਹੁੰਦਾ, ਕਿਉਂਕਿ ਕੋਈ ਵੀ ਉੱਚੀ ਅਵਾਜ਼ ਵਿੱਚ ਲਾਊਡ ਸਪੀਕਰ ਲਾ ਕੇ ਹੋਰਾਂ ਨੂੰ ਪ੍ਰੇਸ਼ਾਨ ਕਰੇ, ਕਿਉਂਕਿ ਜਿਥੇ ਇੱਕ ਨੂੰ ਬੋਲਣ/ਭਾਸ਼ਣ ਦੇਣ ਦਾ ਹੱਕ ਹੈ, ਉਥੇ ਦੂਜੇ ਨੂੰ ਉਸ ਨੂੰ ਸੁਨਣ ਜਾਂ ਨਾ ਸੁਣਨ ਦਾ ਵੀ ਉਹੀ ਹੱਕ ਹੈ। ਕਿਸੇ ਨੂੰ ਵੀ ਸੁਣਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਨਾ ਹੀ ਕਿਸੇ ਨੂੰ ਇਹ ਹੱਕ ਹੈ ਕਿ ਉਹ ਜ਼ੁਬਾਨੀ ਹਮਲਾ ਕਰੇ। ਜੇਕਰ ਕੋਈ ਆਪਣੀ ਅਵਾਜ਼ ਨੂੰ ਉੱਚੀ ਅਵਾਜ਼ ਕਰਕੇ ਖਾਸ ਕਰ ਨਕਲੀ ਯੰਤਰਾਂ ਰਾਹੀਂ ਪੜੋਸੀਆਂ ਨੂੰ ਜਾਂ ਦੂਜਿਆਂ ਨੂੰ ਸੁਣਨ ਲਈ ਮਜਬੂਰ ਕਰੇ ਜਾਂ ਪ੍ਰੇਸ਼ਾਨ ਕਰੇ ਤਾਂ ਬੋਲਣ ਵਾਲਾ ਵਿਅਕਤੀ ਦੂਜਿਆਂ ਨੂੰ ਅਤੇ ਪੜੋਸੀਆਂ ਦੇ ਅਮਨ ਨਾਲ ਰਹਿਣ, ਅਰਾਮ ਕਰਨ ਅਤੇ ਵਧੀਆ ਜੀਵਨ ਜਿਊਣ ਦੇ ਆਰਟੀਕਲ 21 ਰਾਹੀਂ ਦਿੱਤੇ ਅਧਿਕਾਰ ਦੀ ਉਲੰਘਣਾ ਕਰ ਰਿਹਾ ਹੈ। ਇਸ ਲਈ ਸੰਵਿਧਾਨ ਦੇ ਆਰਟੀਕਲ 19 ਨੂੰ ਆਰਟੀਕਲ 21 ਰਾਹੀਂ ਦਿੱਤੇ ਗਏ ਬੁਨਿਆਦੀ ਅਧਿਕਾਰਾਂ ਤੋਂ ਵਿਰਵੇ ਨਹੀਂ ਕੀਤਾ ਜਾ ਸਕਦਾ।

ਉਪਰੋਕਤ ਤੋਂ ਸਪੱਸ਼ਟ ਹੈ ਕਿ ਕੋਈ ਵੀ ਬੰਦਾ/ਨਾਗਰਿਕ ਆਪਣੇ ਭਾਸ਼ਣਾਂ ਰਾਹੀਂ ਲਾਊਡ ਸਪੀਕਰਾਂ ਜਾਂ ਹੋਰ ਉਪਕਰਣਾਂ ਜਾਂ ਅਵਾਜ਼ਾਂ ਨਾਲ ਜਾਂ ਧਾਰਮਿਕ ਸਥਾਨਾਂ ਰਾਹੀਂ ਪਾਠ-ਪੂਜਾ, ਕੀਰਤਨ, ਗਾਇਨ ਆਦਿ ਰਾਹੀਂ ਆਪਣੀ ਚਾਰ-ਦੀਵਾਰੀ ਤੋਂ ਬਾਹਰ ਅਵਾਜ਼ਾਂ ਰਾਹੀਂ ਪੜੋਸੀ ਜਾਂ ਆਸ-ਪਾਸ ਨੂੰ ਪ੍ਰੇਸ਼ਾਨ ਨਹੀਂ ਕਰ ਸਕਦਾ, ਕਿਉਂਕਿ ਸੰਵਿਧਾਨ ਦੇ ਆਰਟੀਕਲ 21 ਹਰੇਕ ਨੂੰ ਅਮਨ-ਅਮਾਨ, ਸ਼ੋਰ ਰਹਿਤ ਵਧੀਆ ਜੀਵਨ ਜਿਊਣ ਦਾ ਅਧਿਕਾਰ ਦਿੰਦਾ ਹੈ ਅਤੇ ਕੋਈ ਵੀ ਇਸ ਦੀ ਉਲੰਘਣਾ ਨਹੀਂ ਕਰ ਸਕਦਾ। ਅਗਰ ਕਰਦਾ ਹੈ ਤਾਂ ਪ੍ਰਸ਼ਾਸਨ ਨੂੰ ਇਹ ਅਧਿਕਾਰ ਹੈ ਕਿ ਉਹ ਉਨ੍ਹਾਂ ਦਾ ਸਾਮਾਨ ਜ਼ਬਤ ਕਰੇ ਅਤੇ ਨਿਯਮਾਂ ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਕਰੇ। ਅਜਿਹਾ ਨਾ ਕਰਨਾ ਸਜ਼ਾਯੋਗ ਅਪਰਾਧ ਹੈ।

ਕਲਾਸੀਫਾਈਡ ਇਸ਼ਤਿਹਾਰ

ਆਮ ਸੂਚਨਾ

ਮੈਂ, ਸਚਿਨ ਅਰੋੜਾ ਪੁੱਤਰ ਗੁਲਸ਼ਨ ਕੁਮਾਰ ਵਾਸੀ ਮਕਾਨ ਨੰਬਰ 76, ਵਾਰਡ ਨੰਬਰ 6, ਮੋਰਿੰਡਾ, ਤਹਿਸੀਲ ਮੋਰਿੰਡਾ, ਜ਼ਿਲ੍ਹਾ ਰੂਪਨਗਰ ਇਹ ਕਿ ਵੋਟਰ ਕਾਰਡ ਵਿੱਚ ਮੇਰਾ ਨਾਮ ਸਚਿਨ ਠੁਕਰਾਲ ਪੁੱਤਰ ਗੁਲਸਨ ਕੁਮਾਰ ਹੈ, ਜਦਕਿ ਆਧਾਰ ਕਾਰਡ ਅਤੇ ਪੈਨ ਕਾਰਡ ਵਿੱਚ ਮੇਰਾ ਨਾਮ ਸਚਿਨ ਅਰੋੜਾ ਪੁੱਤਰ ਗੁਲਸਨ ਕੁਮਾਰ ਚੱਲ ਰਿਹਾ ਹੈ। ਮੈਨੂੰ ਮੇਰੇ ਦੋਵਾਂ ਨਾਵਾਂ ਨਾਲ ਜਾਣਿਆ ਜਾਵੇ।

ਮੈਂ, ਕਿਰਨ ਬਾਲਾ ਪਤਨੀ ਸੁਰਿੰਦਰ ਕੁਮਾਰ ਵਾਸੀ ਲਹਿਰੀ ਸਟਰੀਟ ਜਲਾਲਾਬਾਦ, ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦੀ ਹਾਂ ਕਿ ਮੇਰੇ ਦੋ ਨਾਂਅ Saneh Lata ਉਰਫ Kiran Rani ਹਨ। ਮੈਨੂੰ ਦੋਵਾਂ ਨਾਵਾਂ Saneh Lata ਉਰਫ Kiran Rani ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਹੁਣ ਮੈਨੂੰ Kiran Bala ਦੇ ਨਾਂਅ ਨਾਲ ਜਾਣਿਆ ਜਾਵੇ।

ਕੋਰਟ ਨੋਟਿਸ

ਬਾ ਅਦਾਲਤ-ਤਹਿਸੀਲਦਾਰ ਕਮ ਏ ਸੀ ਫਸਟ ਗਰੇਡ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ।

ਵਿਸ਼ਾ : ਮਾਲ ਰਿਕਾਰਡ ਪਿੰਡ ਉਹੜਪੁਰ ਦੇ ਵਿੱਚ ਨਾਂਅ ਦੀ ਦਰੁਸਤੀ ਕਰਨ ਸੰਬੰਧੀ।

ਨੋਟਿਸ ਬਨਾਮ-ਜਨਰਲ ਪਬਲਿਕ

ਹਰਵਿੰਦਰ ਕੌਰ ਵਿਧਵਾ ਸ੍ਰੀ ਨਿਰਮਲ ਸਿੰਘ ਵਾਸੀ ਪਿੰਡ ਉਹੜਪੁਰ, ਤਹਿਸੀਲ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਨੇ ਇਸ ਦਫਤਰ ਵਿੱਚ ਦਰਖਾਸਤ ਦਿੱਤੀ ਹੈ ਕਿ ਉਸ ਦਾ ਨਾਂਅ ਮਾਲ ਰਿਕਾਰਡ ਵਿੱਚ ਅਰਮਿੰਦਰ ਕੌਰ ਵਿਧਵਾ ਸ੍ਰੀ ਨਿਰਮਲ ਸਿੰਘ ਦਰਜ ਹੈ, ਜੋ ਕਿ ਗਲਤ ਹੈ, ਜਦੋਂਕਿ ਉਸ ਦਾ ਸਹੀ ਨਾਂਅ ਹਰਵਿੰਦਰ ਕੌਰ ਵਿਧਵਾ ਸ੍ਰੀ ਨਿਰਮਲ ਸਿੰਘ ਹੈ, ਸਬੂਤ ਵਜੋਂ ਉਸ ਨੇ ਆਪਣੇ ਆਧਾਰ ਕਾਰਡ, ਪੈਨ ਕਾਰਡ, ਬੈਂਕ ਪਾਸ ਬੁੱਕ ਦੀਆਂ ਕਾਪੀਆਂ ਨਾਲ ਪੇਸ਼ ਕੀਤੀਆਂ ਹਨ, ਜਿਨ੍ਹਾਂ ਵਿੱਚ ਉਸ ਦਾ ਨਾਂਅ ਹਰਵਿੰਦਰ ਕੌਰ ਵਿਧਵਾ ਸ੍ਰੀ ਨਿਰਮਲ ਸਿੰਘ ਹੀ ਦਰਜ ਹੈ। ਇਸ ਨਾਂਅ ਦੀ ਸੋਧ ਦੇ ਸੰਬੰਧੀ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਵੀ ਇਤਰਾਜ਼ ਹੋਵੇ ਤਾਂ ਉਹ ਅਸਾਲਤਨ ਜਾਂ ਵਕਾਲਤਨ ਮੇਰੇ ਦਫਤਰ/ਅਦਾਲਤ ਵਿੱਚ ਹਾਜ਼ਰ ਹੋ ਕੇ ਆਪਣਾ ਇਤਰਾਜ਼ ਇਸ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਦੇ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਾ ਹੋਵੇਗਾ ਅਤੇ ਨਾਂਅ ਦੀ ਸੋਧ ਕਰ ਦਿੱਤੀ ਜਾਵੇਗੀ।

ਅੱਜ ਮਿਤੀ 18-12-23 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਹੋਇਆ।

ਤਹਿਸੀਲਦਾਰ-ਕਮ-ਏ ਸੀ ਫਸਟ ਗਰੇਡ, ਟਾਂਡਾ।

COURT NOTICE

(U/o 5 Rule 20 CPC)
In the Court of
Sh. Barinder Singh Ramana,
Principal Judge Family Court, Rupnagar
CNR No. PBRO 01-005896-2023
Next Date : 12-01-2024

Ruchi Sharma Aged about 48 Years Wd/o Vivek Sharma R/o #552, Giani Zail Singh Nagar, Rupnagar, Tehsil and Distt. Rupnagar.

Vs.

General Public

Petition U/s 8 of Hindu Miniority and Guardianship Act

Publication Issued to :
General Public

In above titled case, the defendant(s)/respondent(s) could not be served. It is Ordered that defendant(s)/respondent(s) should appear in person or through counsel on 12-01-2024 at 10.00 a.m.

For details logon to https://highcourtchd.gov.in/?trs=distric_notice&district=Ropar

Principal Judge, Family Court, Rupnagar
Dated, this day of 16-12-2023

COURT NOTICE

(U/o 5 Rule 20 CPC)
In the Court of
Sh. Muneesh Arora,
Principal Judge,
Family Court, Patiala
CNR No. PBPT01-009423-2019
Next Date : 23-01-2024

Bittu Ram alias Vittu Ram Vs. Sukhwinder Kaur al

20-DEC-PAGE-7.qxd 12/19/2023 10:28 PM Page 1

ਰਜਬਾਹੇ 'ਚ ਪਿਆ ਪਾੜ, ਤਿੰਨ ਪਿੰਡਾਂ ਦੀ ਫਸਲ ਪਾਣੀ 'ਚ ਡੁੱਬੀ

■ ਕਸੂਰਵਾਰਾਂ ਖਿਲਾਫ਼ ਕਾਰਵਾਈ ਦੇ ਭਰੋਸੇ ਮਗਰੋਂ ਕਿਸਾਨਾਂ ਚੁੱਕਿਆ ਧਰਨਾ

ਬਰੇਟਾ (ਰੀਤਵਾਲ)-ਜ਼ਿਲ੍ਹੇ ਦੇ ਪਿੰਡਾਂ ਤਾਮਕੋਟ ਭੁਪਾਲ ਤੇ ਰੱਲਾ ਦੇ ਵਿਚਕਾਰ ਭੈਣੀਬਾਘਾ ਨਹਿਰ ਦਾ ਪਾਣੀ ਰੁਕਣ ਕਰਕੇ ਸੋਮਵਾਰ ਦੀ ਸਵੇਰ ਉਥੋਂ ਲੰਘਦੇ ਰਜਬਾਹੇ ਵਿੱਚ ਪਾੜ ਪੈਣ ਨਾਲ ਪਿੰਡ ਰੱਲਾ, ਤਾਮਕੋਟ ਤੇ ਭੁਪਾਲ ਦੀ 600 ਏਕੜ ਕਣਕ ਦੀ ਖੜੀ ਫਸਲ ਵਿੱਚ ਪਾਣੀ ਭਰ ਗਿਆ।

ਦੂਰ ਤੱਕ ਖੇਤਾਂ ਦੇ ਖੇਤ ਪਾਣੀ ਵਿੱਚ ਡੁੱਬ ਗਏ। ਇਸ ਪਾਣੀ ਨੂੰ ਠੱਲ੍ਹਣ ਲਈ ਪਿੰਡ ਵਾਸੀਆਂ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਰਹੀਆਂ। ਨਹਿਰੀ ਵਿਭਾਗ ਦੇ ਕਰਮਚਾਰੀਆਂ ਤੋਂ ਵੀ ਪਾਣੀ ਠੱਲ੍ਹਿਆ ਨਹੀਂ ਗਿਆ। ਦੇਖਦੇ ਹੀ ਦੇਖਦੇ ਪਾਣੀ ਦੇ ਤੇਜ਼ ਵਹਾਓ ਨੇ ਖੇਤਾਂ ਦੇ ਖੇਤ ਆਪਣੀ ਚਪੇਟ ਵਿੱਚ ਲੈ ਲਏ। ਗੁੱਸੇ ਵਿੱਚ ਆਏ ਕਿਸਾਨਾਂ ਨੇ ਬਰਨਾਲਾ-ਰੱਲਾ ਰੋਡ 'ਤੇ ਧਰਨਾ ਲਗਾ ਕੇ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ।

ਕਿਸਾਨ ਆਗੂਆਂ ਨੇ ਦੱਸਿਆ ਕਿ ਨਹਿਰੀ ਵਿਭਾਗ ਦੇ ਕਰਮਚਾਰੀਆਂ ਕੋਲੋਂ ਬੰਨ੍ਹ ਖੋਲ੍ਹੇ ਨਹੀਂ ਗਏ, ਜਿਸ ਕਰਕੇ ਰਜਬਾਹੇ ਵਿੱਚ ਪਾਣੀ ਦੀ ਰਫਤਾਰ ਵਧ ਗਈ ਤੇ ਰਜਬਾਹੇ 'ਤ ਪਾੜ ਪੈਣ ਕਾਰਨ ਪਿੰਡ ਰੱਲਾ ਤੇ ਤਾਮਕੋਟ ਦੇ ਖੇਤ ਪਾਣੀ ਵਿੱਚ ਡੁੱਬ ਗਏ।

ਕਿਸਾਨਾਂ ਨੇ ਧਰਨਾ ਦੇ ਕੇ ਇਸ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ। ਪਾਣੀ ਦਾ ਤੇਜ਼ ਵਹਾਓ ਹੋਣ ਕਾਰਨ ਪਾਣੀ ਸੜਕ ਪਾਰ ਕਰਕੇ ਪਿੰਡ ਭੁਪਾਲ ਵੀ ਪੁੱਜ ਗਿਆ। ਇਸ ਮੌਕੇ ਵਿਧਾਇਕ ਡਾ. ਵਿਜੇ ਸਿੰਗਲਾ, ਐੱਸ.ਡੀ.ਐੱਮ. ਮਾਨਸਾ ਮਨਜੀਤ ਸਿੰਘ ਰਾਏ, ਨਾਇਬ ਤਹਿਸੀਲਦਾਰ ਕਰਮਜੀਤ ਸਿੰਘ ਤੇ ਐੱਸ.ਐੱਚ.ਓ. ਜੋਗਾ ਕਮਲਜੀਤ ਸਿੰਘ ਨੇ ਧਰਨੇ ਵਿੱਚ ਸ਼ਮੂਲੀਅਤ ਕਰਕੇ ਕਿਸਾਨਾਂ ਦੀ ਮੰਗ ਸੁਣੀ ਤੇ ਧਰਨੇ ਦੌਰਾਨ ਹੀ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨਾਲ ਇਸ ਸਬੰਧੀ ਗੱਲਬਾਤ ਕਰਕੇ ਭਰੋਸਾ ਦਿੱਤਾ ਕਿ ਕਿਸਾਨਾਂ ਨੂੰ ਜਲਦੀ ਹੀ ਨੁਕਸਾਨੀ ਫਸਲ ਦਾ ਮੁਆਵਜਜ਼ ਤੇ ਉਨ੍ਹਾਂ ਦੀ ਮੰਗ ਅਨੁਸਾਰ ਇਸ ਨੁਕਸਾਨ ਲਈ ਜ਼ਿੰਮੇਵਾਰ ਕਰਮਚਾਰੀਆਂ ਖਿਲਾਫ਼ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ, ਜਿਸ ਉਪਰੰਤ ਕਿਸਾਨਾਂ ਨੇ ਆਪਣਾ ਧਰਨਾ ਚੁੱਕ ਲਿਆ।

ਛਾਜਲੀ 'ਚ ਮਾਤਾ ਗੁਜਰ ਕੌਰ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਚੇਤਨਾ ਮਾਰਚ 23 ਨੂੰ

ਦਿੜ੍ਹਬਾ (ਜਸਵੀਰ ਲਾਡੀ)-ਪਿੰਡ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਕੂਲ ਤੇ ਕਾਲਜਾਂ 'ਚ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੁਖਮਿੰਦਰ ਸਿੰਘ ਸਕੱਤਰ ਵਿੱਦਿਆ ਅਤੇ ਡਾਇਰੈਕਟਰ ਬੀਬੀ ਸਤਵੰਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਦਿਆਰਥੀਆਂ ਨੂੰ ਆਪਣੇ ਗੌਰਵਮਈ ਵਿਰਸੇ ਤੋਂ ਜਾਣੂ ਹੀ ਨਹੀਂ, ਬਲਕਿ ਪੁਰਾਤਨ ਪ੍ਰੰਪਰਾਵਾਂ ਅਨੁਸਾਰ ਆਪਣਾ ਜੀਵਨ ਜਿਊਣ ਲਈ ਪ੍ਰੇਰਿਤ ਕਰਨ ਲਈ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਵੱਲੋਂ ਚੇਤਨਾ ਮਾਰਚ 23 ਦਸੰਬਰ ਨੂੰ ਸਜਾਇਆ ਜਾਵੇਗਾ, ਜਿਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਦੇ ਵਿਦਿਆਰਥੀ, ਪਿੰਡ ਵਾਸੀ ਤੇ ਸਕੂਲ ਸਟਾਫ਼ ਸ਼ਾਮਲ ਹੋਵੇਗਾ। ਸੀਨੀਅਰ ਅਕਾਲੀ ਆਗੂ ਤੇਜਾ ਸਿੰਘ ਕਮਾਲਪੁਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿਗ ਕਮੇਟੀ ਮੈਂਬਰ ਬੀਬੀ ਮਲਕੀਤ ਕੌਰ ਕਮਾਲਪੁਰ ਤੇ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਦੁਨਿਆਵੀ ਵਿਦਿਆ ਦੇ ਨਾਲ-ਨਾਲ ਧਾਰਮਿਕ ਵਿੱਦਿਆ ਵੀ ਦੇ ਰਿਹਾ ਹੈ ਤਾਂ ਜੁ ਆਉਣ ਵਾਲੀ ਪੀੜ੍ਹੀ ਨੂੰ ਸਮਾਜਿਕ ਬੁਰਾਈਆਂ ਅਤੇ ਨਸ਼ੇ ਆਦਿ ਤੋਂ ਦੂਰ ਰੱਖਿਆ ਜਾ ਸਕੇ। ਪਿੰਡ ਵਾਸੀਆਂ ਅਤੇ ਨੇੜੇ ਦੇ ਪਿੰਡਾਂ ਦੇ ਲੋਕ ਬਹੁਤ ਘੱਟ ਫ਼ੀਸ ਤੇ ਗੁਰਮਤਿ ਸਿਧਾਂਤਾਂ ਵਾਲੇ ਇਸ ਸਕੂਲ ਵਿੱਚ ਵੱਧ ਤੋਂ ਵੱਧ ਦਾਖਲਾ ਕਰਾ ਕੇ ਲਾਹਾ ਲੈ ਸਕਦੇ ਹਨ। ਚੇਤਨਾ ਮਾਰਚ ਦੇ ਵੱਖ-ਵੱਖ ਪੜਾਵਾਂ ਤੇ ਕਵੀਸ਼ਰੀ, ਕਵਿਤਾਵਾਂ, ਭਾਸ਼ਣ ਤੇ ਗਤਕੇ ਜੌਹਰ ਦਿਖਾਏ ਜਾਣਗੇ। ਉਨ੍ਹਾਂ ਕਿਹਾ ਕਿ ਸਕੂਲ ਹਰ ਖੇਤਰ ਵਿੱਚ ਮੋਹਰੀ ਸਾਬਤ ਹੋ ਰਿਹਾ ਹੈ।

ਭੋਗ 'ਤੇ ਵਿਸ਼ੇਸ਼

ਗਰੀਬਾਂ ਦੇ ਹਮੀ ਤੇ ਧਾਰਮਿਕ ਖਿਆਲਾਂ ਵਾਲੇ ਸਨ ਮਾਤਾ ਚਰਨਜੀਤ ਕੌਰ ਧਾਲੀਵਾਲ

ਮਾਵਾਂ ਠੰਡੀਆਂ ਛਾਵਾਂ, ਛਾਵਾਂ ਕੌਣ ਕਰੇ, ਮਾਂ ਵਰਗਾ ਘਣਛਾਵਾਂ ਬੂਟਾ ਕਿੱਧਰੇ ਨਜ਼ਰ ਨਾ ਆਵੇ, ਲੈ ਕੇ ਜਿਸ ਤੋਂ ਛਾਂ ਉਧਾਰੀ ਰੱਬ ਨੇ ਸਵਰਗ ਬਣਾਏ; ਮਾਂ ਮਮਤਾ ਦੀ ਮੂਰਤ ਅਜਿਹੀ ਹੀ ਸ਼ਖਸੀਅਤ ਸਨ ਮਾਤਾ ਚਰਨਜੀਤ ਕੌਰ ਧਾਲੀਵਾਲ, ਜਿਨ੍ਹਾਂ ਦਾ ਜਨਮ 1940 ਨੂੰ ਲਾਇਲਪੁਰ ਪਾਕਿਸਤਾਨ ਵਿਖੇ ਪਿਤਾ ਲਾਭ ਸਿੰਘ ਦੇ ਘਰ ਮਾਤਾ ਨਛੱਤਰ ਕੌਰ ਦੀ ਕੁੱਖੋਂ ਹੋਇਆ। ਵੰਡ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਰਾਏਕੋਟ ਵਿਖੇ ਆ ਕੇ ਰਹਿਣ ਲੱਗ ਪਿਆ। ਉਨ੍ਹਾ ਜੇਬੀਟੀ ਤੱਕ ਦੀ ਸਿੱਖਿਆ ਪ੍ਰਾਪਤ ਕੀਤੀ ਤੇ ਸਰਕਾਰੀ ਪ੍ਰਾਇਮਰੀ ਸਕੂਲ ਨੰਗਲਾਂ ਤੋਂ 1965 ਵਿੱਚ ਆਪਣੀ ਸਰਕਾਰੀ ਨੌਕਰੀ ਦੀ ਸ਼ੁਰੂਆਤ ਕੀਤੀ। 1968 ਵਿੱਚ ਉਨ੍ਹਾਂ ਦਾ ਵਿਆਹ ਮਾਸਟਰ ਮਹਿੰਦਰ ਸਿੰਘ ਧਾਲੀਵਾਲ ਕੜਿਆਲ ਅਧਿਆਪਕ ਯੂਨੀਅਨ ਆਗੂ ਨਾਲ ਹੋਇਆ। ਉਸ ਤੋਂ ਉਪਰੰਤ ਉਹ 1969 ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਚੀਮਾ ਵਿੱਚ ਬਤੌਰ ਅਧਿਆਪਕ ਪੜ੍ਹਾਉਣ ਲੱਗ ਪਏ ਤੇ 1986 ਤੱਕ ਚੀਮਾ ਵਿਖੇ ਹੀ ਰਹੇ ਅਤੇ ਇਸ ਤੋਂ ਉਪਰੰਤ ਉਹ ਕੋਟ ਸਦਰ ਖਾਂ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਨਿਯੁਕਤ ਹੋਏ। ਉਨ੍ਹਾਂ ਦੇ ਘਰ ਇੱਕ ਬੇਟਾ ਤੇ ਇੱਕ ਬੇਟੀ ਨੇ ਜਨਮ ਲਿਆ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਤੇ ਚੰਗੇ ਗੁਣਾਂ ਦੇ ਧਾਰਨੀ ਬਣਾਇਆ ਅਤੇ ਇਨ੍ਹਾਂ ਬੱਚਿਆਂ ਦੇ ਰਿਸ਼ਤੇ ਚੰਗੇ ਘਰਾਂ ਨਾਲ ਜੋੜੇ ਅਤੇ ਉਨ੍ਹਾਂ ਦੇ ਬੇਟੇ ਸਤਿੰਦਰ ਸਿੰਘ ਧਾਲੀਵਾਲ ਆਸਟਰੇਲੀਆ ਵਿਖੇ ਆਪਣੇ ਪਰਿਵਾਰ ਨਾਲ ਪੂਰੀ ਤਰ੍ਹਾਂ ਸੈਟਲ ਹਨ ਅਤੇ ਬੇਟੀ ਨਵਿੰਦਰਜੀਤ ਸਿੱਧੂ ਵੀ ਆਸਟਰੇਲੀਆ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਉਥੇ ਹੀ ਚਰਨਜੀਤ ਕੌਰ ਧਾਲੀਵਾਲ ਵੱਲੋਂ ਮਿਲੇ ਸਹਿਯੋਗ ਸਦਕਾ ਉਨ੍ਹਾਂ ਦੇ ਪਤੀ ਮਾਸਟਰ ਮਹਿੰਦਰ ਸਿੰਘ ਧਾਲੀਵਾਲ ਲਗਾਤਾਰ ਅਧਿਆਪਕ ਯੂਨੀਅਨ ਵਿੱਚ ਰਹਿ ਕੇ ਸੇਵਾ ਨਿਭਾਉਂਦੇ ਰਹੇ ਤੇ ਇਸ ਦੌਰਾਨ ਅਧਿਆਪਕ ਸਾਥੀਆਂ ਦੇ ਹੱਕਾਂ ਲਈ ਕਈ ਵਾਰ ਉਹ ਜੇਲ੍ਹ ਵੀ ਗਏ। ਚਰਨਜੀਤ ਕੌਰ ਧਾਲੀਵਾਲ 1998 ਵਿੱਚ ਪੰਡੋਰੀ ਅਰਾਈਆਂ ਤੋਂ ਹੈੱਡ ਟੀਚਰ ਰਿਟਾਇਰਡ ਹੋਏ। ਧਾਲੀਵਾਲ ਪਰਿਵਾਰ ਲਈ ਮਾਤਾ ਜੀ ਦਾ ਬਹੁਤ ਵੱਡਾ ਯੋਗਦਾਨ ਰਿਹਾ, ਉਹ ਗਰੀਬਾਂ ਦੇ ਹਮੀ ਤੇ ਧਾਰਮਿਕ ਖਿਆਲਾਂ ਦੇ ਸਨ। ਉਨ੍ਹਾਂ ਦੇ ਪਤੀ ਸ੍ਰ. ਮਹਿੰਦਰ ਸਿੰਘ ਧਾਲੀਵਾਲ ਦਾ ਸਮੁੱਚੇ ਪੰਜਾਬ ਅੰਦਰ ਵੱਡਾ ਮਾਣ ਸਤਿਕਾਰ ਹੈ। ਰਿਟਾਇਰਮੈਂਟ ਤੋਂ ਬਾਅਦ ਉਹ ਆਪਣੇ ਪਤੀ ਨਾਲ ਆਸਟਰੇਲੀਆ ਵਿਖੇ ਆਪਣੇ ਬੱਚਿਆਂ ਕੋਲ ਰਹਿ ਰਹੇ ਸਨ ਤੇ ਉੱਥੇ ਹੀ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਆਤਮਿਕ ਸ਼ਾਂਤੀ ਨਮਿੱਤ ਰੱਖੇ ਗਏ ਪਾਠ ਦਾ ਭੋਗ ਤੇ ਅੰਤਿਮ ਅਰਦਾਸ 20 ਦਸੰਬਰ ਨੂੰ ਬਾਅਦ ਦੁਪਹਿਰ 1 ਵਜੇ ਧਾਲੀਵਾਲ ਫਾਰਮ ਕੜਿਆਲ ਰੋਡ ਧਰਮਕੋਟ ਵਿਖੇ ਹੋਵੇਗੀ।

-ਗੁਰਦੀਪ ਸਿੰਘ ਭੁੱਲਰ, ਧਰਮਕੋਟ

ਕਾਤਰਾਂ

ਸਮੈਕ ਸਮੇਤ 3 ਕਾਰ ਸਵਾਰ ਕਾਬੂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਵੱਲੋਂ 6 ਗ੍ਰਾਮ ਸਮੈਕ ਸਮੇਤ 3 ਕਾਰ ਸਵਾਰ ਨੌਜਵਾਨ ਜਸਕੀਰਤ ਸਿੰਘ ਮਹੱਦੀਪੁਰ, ਮੰਗਲਜੀਤ ਸਿੰਘ ਮਹੱਦੀਪੁਰ ਤੇ ਪਵਨਦੀਪ ਸਿੰਘ ਹਾੜੀਆਂ ਨੂੰ ਕਾਬੂ ਕੀਤਾ ਹੈ। ਐੱਸ.ਐੱਚ.ਓ. ਮਾਛੀਵਾੜਾ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਕੁਲਦੀਪ ਸਿੰਘ ਵੱਲੋਂ ਗੜ੍ਹੀ ਤਰਖਾਣਾ ਦੇ ਪੁਰਾਣੇ ਪੁਲ ਨੇੜੇ ਵਾਹਨਾਂ ਦੀ ਜਾਂਚ ਕੀਤੀ ਜਾ ਰਹੀ ਸੀ ਤਾਂ ਇੱਕ ਨੀਲੋਂ ਪਿੰਡ ਵੱਲੋਂ ਆਉਂਦੀ ਕਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ। ਇਹ ਕਾਰ ਚਾਲਕ ਪੁਲਸ ਪਾਰਟੀ ਨੂੰ ਦੇਖ ਘਬਰਾ ਕੇ ਪਿੱਛੇ ਮੁੜਨ ਲੱਗਾ, ਪਰ ਪੁਲਸ ਦੀ ਮੱਦਦ ਨਾਲ ਇਸ ਨੂੰ ਕਾਬੂ ਕਰ ਲਿਆ ਗਿਆ। ਕਾਰ ਵਿੱਚ ਸਵਾਰ ਵਿਅਕਤੀਆਂ ਨੇ ਆਪਣੀ ਪਹਿਚਾਣ ਜਸਕੀਰਤ ਸਿੰਘ, ਮੰਗਲਜੀਤ ਸਿੰਘ ਤੇ ਪਵਨਦੀਪ ਸਿੰਘ ਵਜੋਂ ਦੱਸੀ ਤੇ ਤਲਾਸ਼ੀ ਦੌਰਾਨ ਇਨ੍ਹਾਂ ਕੋਲੋਂ 6 ਗ੍ਰਾਮ ਸਮੈਕ ਬਰਾਮਦ ਹੋਈ। ਪੁਲਸ ਵੱਲੋਂ ਉਕਤ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ ਤੇ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਨਸ਼ੀਲਾ ਪਦਾਰਥ ਕਿੱਥੋਂ ਲੈ ਕੇ ਆਏ ਸਨ।

ਪ੍ਰੋ. ਉੱਪਲ ਦਾ ਸਿੱਖਿਆ ਰਤਨ ਐਵਾਰਡ ਨਾਲ ਸਨਮਾਨ

ਮਲੋਟ (ਗੁਰਮੀਤ ਸਿੰਘ ਮੱਕੜ)-ਆਈ.ਸੀ.ਈ.ਆਰ.ਟੀ. ਦੀ ਕੋਰ ਕਮੇਟੀ ਨੇ ਮਲੋਟ ਨਿਵਾਸੀ ਪ੍ਰੋ. ਆਰ ਕੇ ਉੱਪਲ, ਜੋ ਕਿ ਇਸ ਸਮੇਂ ਬਾਬਾ ਫਰੀਦ ਕਾਲਜ ਆਫ ਮੈਨੇਜਮੈਂਟ ਤੇ ਟੈਕਨਾਲੋਜੀ ਵਿਖੇ ਬਤੌਰ ਪ੍ਰੋਫੈਸਰ-ਕਮ-ਪ੍ਰਿੰਸੀਪਲ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ, ਨੂੰ ਸਿੱਖਿਆ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਉਣ ਦੀ ਲਈ 'ਸਿੱਖਿਆ ਰਤਨ ਐਵਾਰਡ-2023' ਦੇ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਹੈ। ਜ਼ਿਕਰਯੋਗ ਹੈ ਕਿ ਉਨ੍ਹਾਂ ਨੇ ਕਈ ਤਰ੍ਹਾਂ ਦੇ ਖੋਜ ਨਾਲ ਸਬੰਧਤ ਪੇਟੈਂਟ ਵੀ ਬਣਾਏ ਹਨ।ਪ੍ਰੋ. ਉੱਪਲ ਨੂੰ ਕਈ ਯੂਨੀਵਰਸਿਟੀਆਂ ਨੇ ਆਨਰੇਰੀ ਡੀ. ਲਿਟ ਦੀ ਡਿਗਰੀ ਨਾਲ ਸਨਮਾਨਤ ਕੀਤਾ ਹੈ। ਪ੍ਰੋ. ਉੱਪਲ ਨੇ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਨਾਲ-ਨਾਲ 72 ਕਿਤਾਬਾਂ ਬੈਂਕਿੰਗ ਪ੍ਰਣਾਲੀ ਨਾਲ ਸਬੰਧਤ ਲਿਖੀਆਂ ਤੇ ਇਹ ਕਿਤਾਬਾਂ ਸਿਰਫ ਭਾਰਤ ਵਿੱਚ ਹੀ ਨਹੀਂ, ਵਿਦੇਸ਼ਾਂ ਵਿੱਚ ਵੀ ਇਨ੍ਹਾਂ ਕਿਤਾਬਾਂ ਨੂੰ ਪੜ੍ਹਿਆ ਜਾਂਦਾ ਹੈ। ਇਨ੍ਹਾਂ ਵਿੱਚੋਂ 17 ਕਿਤਾਬਾਂ ਭਾਰਤ ਦੇ ਪਾਰਲੀਮੈਂਟ ਦੀ ਲਾਈਬ੍ਰੇਰੀ ਵਿੱਚ ਵੀ ਮੌਜੂਦ ਹਨ। ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਬਾਬਾ ਫਰੀਦ ਕਾਲਜ ਦੇ ਸਮੂਹ ਸਟਾਫ਼ ਤੇ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਵਧਾਈ ਦਿੱਤੀ ਹੈ।

ਅੱਜ ਬਿਜਲੀ ਬੰਦ ਰਹੇਗੀ

ਚੀਮਾ ਮੰਡੀ (ਰਵਿੰਦਰ ਚੀਮਾ)-ਪਾਵਰਕਾਮ ਸਬ ਡਵੀਜ਼ਨ ਚੀਮਾ ਦੇ ਐੱਸ.ਡੀ.ਓ. ਨਰੇਸ਼ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ. ਅਧੀਨ ਪੈਂਦੇ ਚੀਮਾ ਗਰਿੰਡ ਤੋਂ ਲਾਇਨਾਂ ਦੀ ਮੁਰੰਮਤ ਕਾਰਨ 66 ਕੇ.ਵੀ. ਗਰਿੰਡ ਚੀਮਾ ਤੋਂ ਚੱਲਦੇ ਪਿੰਡ ਚੀਮਾ, ਬੀਰ ਕਲਾਂ, ਸ਼ਾਹਪੁਰ, ਝਾੜੋਂ, ਪਿੰਡੀ, ਤੋਗਾਵਾਲ ਦੀ ਘਰੇਲੂ ਸਪਲਾਈ ਤੇ ਪਿੰਡ ਤੋਲਾਵਾਲ, ਤੋਗਾਵਾਲ, ਮਾਨਾ ਪੱਤੀ, ਬਾਬਾ ਕਰਮਾ, ਬੀਰ ਕਲਾਂ, ਝਾੜੋਂ, ਜਖੇਪਲ ਤੇ ਭਾਈ ਬਹਿਲੋ ਦੀ ਖੇਤੀਬਾੜੀ ਸਪਲਾਈ 20 ਦਸੰਬਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਬੰਦ ਰਹੇਗੀ।

ਇੰਜ: ਗੁਰਮੇਲ ਸਿੰਘ ਜੇ ਈ ਨੂੰ ਸਦਮਾ, ਪਿਤਾ ਦਾ ਦਿਹਾਂਤ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਇੰਜ: ਗੁਰਮੇਲ ਸਿੰਘ ਚੰਨਣਵਾਲ ਦੇ ਸਤਿਕਾਰਯੋਗ ਪਿਤਾ ਸ੍ਰ: ਹਰਦੇਵ ਸਿੰਘ ਸਿੱਧੂ ਦਾ ਸੰਖੇਪ ਜਿਹੀ ਬੀਮਾਰੀ ਉਪਰੰਤ ਦਿਹਾਂਤ ਹੋ ਗਿਆ।ਉਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਵੱਡੀ ਗਿਣਤੀ 'ਚ ਪਾਵਰਕਾਮ ਦੇ ਅਧਿਕਾਰੀ, ਕਰਮਚਾਰੀ, ਮੁਹਤਬਰਾਂ ਤੋਂ ਇਲਾਵਾ ਭਾਕਿਯੂ ਕਾਦੀਆਂ ਡਕੌਂਦਾ ਦੇ ਆਗੂ, ਵਰਕਰ ਹਾਜ਼ਰ ਸਨ।ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਸਕੱਤਰ ਕੁਲਵੀਰ ਸਿੰਘ ਔਲਖ ਨੇ ਟੀ ਐੱਸ ਯੂ ਵੱਲੋਂ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ।ਆਗੂਆਂ ਨੇ ਕਿਹਾ ਕਿ ਬਾਪੂ ਹਰਦੇਵ ਸਿੰਘ ਸਿੱਧੂ ਨੇ ਕਿਰਤੀ ਪਰਿਵਾਰ ਦੀ ਅਗਵਾਈ ਕਰਦਿਆਂ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਕੇ ਬੁਲੰਦੀਆਂ 'ਤੇ ਪਹੁੰਚਾਇਆ।ਇਸ ਮੌਕੇ ਇੰਜ: ਜਸਵਿੰਦਰ ਸਿੰਘ ਐੱਸ ਡੀ ਓ ਮਹਿਲ ਕਲਾਂ, ਇੰਜ: ਵਿਕਾਸ ਸਿੰਗਲਾ ਐੱਸ ਡੀ ਓ ਬਰਨਾਲਾ, ਇੰਜ: ਗੁਰਲਾਭ ਸਿੰਘ, ਇੰਜ: ਗੁਰਪ੍ਰੀਤ ਸਿੰਘ, ਇੰਜ: ਸਨਦੀਪ ਸਿੰਘ, ਇੰਜ: ਕਰਮਜੀਤ ਸਿੰਘ, ਇੰਜ: ਜਗਦੀਪ ਸਿੰਘ ਜੇ ਈ ਤੋਂ ਇਲਾਵਾ ਸਿਕੰਦਰ ਸਿੰਘ, ਨਿਰਮਲ ਸਿੰਘ, ਮਨਦੀਪ ਸਿੰਘ ਗਹਿਲ, ਰਾਜਪਤੀ ਬਰਨਾਲਾ, ਸੁਖਪਾਲ ਸਿੰਘ ਸੰਘੇੜਾ, ਕਾਮਰੇਡ ਭੋਲਾ ਸਿੰਘ ਕਲਾਲ ਮਾਜਰਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਆਗੂਆਂ ਨੇ ਇੰਜ: ਗੁਰਮੇਲ ਸਿੰਘ ਜੇ ਈ, ਨਛੱਤਰ ਸਿੰਘ ਸਿੱਧੂ ਨਾਲ ਦੁੱਖ ਸਾਂਝਾ ਕੀਤਾ।

ਸ਼੍ਰੋਮਣੀ ਅਕਾਲੀ ਦਲ (ਅ) ਨੇ ਰਾਸ਼ਟਰਪਤੀ ਦੇ ਨਾਂਅ ਡੀ ਸੀ ਨੂੰ ਸੌਂਪਿਆ ਮੰਗ ਪੱਤਰ

ਬਰਨਾਲਾ (ਰਾਜਿੰਦਰ ਬਰਾੜ/ ਰਾਕੇਸ਼ ਨੀਟਾ)

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਸਰ) ਦੀ ਜ਼ਿਲ੍ਹਾ ਜਥੇਬੰਦੀ ਸੰਗਰੂਰ ਵੱਲੋਂ ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਦੇ ਨਾਂਅ ਡਿਪਟੀ ਕਮਿਸ਼

20-Dec-PAGE-8.qxd 12/19/2023 10:43 PM Page 1

20 ਫਰਵਰੀ ਤੋਂ 5 ਮਾਰਚ ਤੱਕ ਮਜ਼ਦੂਰਾਂ ਨੂੰ ਕੀਤਾ ਜਾਵੇਗਾ ਜਾਗਰੂਕ

ਜਲੰਧਰ (ਕੇਸਰ, ਰਾਜੇਸ਼ ਥਾਪਾ)

ਇਥੇ ਪੇਂਡੂ ਤੇ ਖੇਤ ਮਜਦੂਰ ਜਥੇਬੰਦੀਆਂ ਦੇ ਸਾਂਝੇ ਮੋਰਚਾ ਪੰਜਾਬ ਦੀ ਮੀਟਿੰਗ ਸਾਥੀ ਤਰਸੇਮ ਪੀਟਰ ਦੀ ਪ੍ਰਧਾਨਗੀ ਹੇਠ ਦਿਹਾਤੀ ਮਜਦੂਰ ਸਭਾ ਦੇ ਸੂਬਾ ਦਫਤਰ ਜਲੰਧਰ ਵਿੱਚ ਹੋਈ। ਮੀਟਿੰਗ ਵਿੱਚ

9-10-11 ਦਸੰਬਰ ਨੂੰ ਪੰਜਾਬ ਸਰਕਾਰ ਦੇ ਚਾਰ ਕੈਬਨਿਟ ਮੰਤਰੀਆਂ ਹਰਪਾਲ ਸਿੰਘ ਚੀਮਾ, ਗੁਰਮੀਤ ਸਿੰਘ ਖੁੱਡੀਆਂ, ਬਲਕਾਰ ਸਿੰਘ ਜਲੰਧਰ ਅਤੇ ਹਰਭਜਨ ਸਿੰਘ ਈਟੀਓ ਦੇ ਘਰਾਂ ਅੱਗੇ ਮਾਰੇ ਗਏ ਤਿੰਨ ਰੋਜਾ ਲਗਾਤਾਰ ਰਾਤ ਦਿਨ ਦੇ ਧਰਨਿਆਂ ਦਾ ਲੇਖਾ ਜੋਖਾ ਕੀਤਾ ਗਿਆ। ਇਨ੍ਹਾਂ ਧਰਨਿਆਂ ਵਿੱਚ ਵੱਡੀ ਗਿਣਤੀ ਵਿਚ ਔਰਤਾਂ ਸਮੇਤ ਮਜਦੂਰਾਂ ਨੇ ਸਮੂਲੀਅਤ ਕੀਤੀ। ਸਾਰੇ ਪੱਖਾਂ ਤੋਂ ਕਾਮਯਾਬ ਧਰਨਿਆਂ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਇਨ੍ਹਾਂ ਧਰਨਿਆਂ ਨੂੰ ਮੋਰਚੇ ਦੇ ਜ਼ਿਲ੍ਹਾ ਤੇ ਸੂਬਾਈ ਆਗੂਆਂ ਨੇ ਸੰਬੋਧਨ ਕਰਦਿਆਂ ਮਾਨ ਸਰਕਾਰ ਦੀਆਂ ਮਜਦੂਰ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕੀਤਾ। ਇਨ੍ਹਾਂ ਧਰਨਿਆਂ ਵਿੱਚ ਮੰਤਰੀਆਂ ਨੇ ਆ ਕੇ ਮਜਦੂਰਾਂ ਨੂੰ ਮੁੱਖ ਮੰਤਰੀ ਦੇ ਨਾਲ ਮੀਟਿੰਗ ਕਰਾਉਣ ਅਤੇ ਮਸਲੇ ਹੱਲ ਕਰਨ ਦਾ ਭਰੋਸਾ ਦਿੱਤਾ। ਸਾਂਝੇ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਅੱਜ ਤੱਕ ਕੋਈ ਵੀ ਸੱਦਾ ਪੱਤਰ ਨਹੀਂ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਸਰਕਾਰ ਨੇ ਸਾਂਝੇ ਮੋਰਚੇ ਦੇ ਆਗੂਆਂ ਨਾਲ 8 ਮੀਟਿੰਗਾਂ ਤੈਅ ਕੀਤੀਆਂ ਸਨ ਪਰ ਮੁੱਖ ਮੰਤਰੀ ਕਿਸੇ ਵੀ ਮੀਟਿੰਗ ਵਿੱਚ ਨਹੀਂ ਆਏ ਤੇ ਕੈਂਸਲ ਕਰਦੇ ਰਹੇ। ਤਿੰਨ ਮੰਤਰੀਆਂ ਦੇ ਅਧਾਰਿਤ ਬਣੀ ਸਬ ਕਮੇਟੀ ਨੇ ਦੋ- ਤਿੰਨ ਮੀਟਿੰਗਾਂ ਕੀਤੀਆਂ ਗਈਆਂ ਉਨ੍ਹਾਂ ਮੀਟਿੰਗਾਂ ਵਿੱਚ ਮੰਨੀਆਂ ਮੰਗਾਂ ਵੀ ਲਾਗੂ ਨਹੀਂ ਕੀਤੀਆਂ ਗਈਆਂ ਸਨ। ਸਰਕਾਰ ਦੀ ਵਾਅਦਾ ਖਿਲਾਫੀ ਅਤੇ ਬੇਰੁਖੀ ਖਿਲਾਫ ਮੋਰਚੇ ਨੇ 20 ਫਰਵਰੀ ਤੋਂ 5 ਮਾਰਚ ਤੱਕ ਪਿੰਡਾਂ ਵਿਚ ਜਥਾ/ ਝੰਡਾ ਮਾਰਚ, ਰੋਸ ਮਾਰਚ ਅਤੇ ਪਬਲਿਕ ਮੀਟਿੰਗਾਂ ਕਰਕੇ ਮਜਦੂਰਾਂ ਨੂੰ ਜਾਗਰੂਕ ਕੀਤਾ ਜਾਵੇਗਾ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਮਾਰਚ ਮਹੀਨੇ ਵਿੱਚ ਸਰਕਾਰ ਦੀਆਂ ਮਜਦੂਰ ਮਾਰੂ ਨੀਤੀਆਂ ਵਿਰੁੱਧ ਅਤੇ ਆਪਣੀਆਂ ਮੰਗਾਂ ਹੱਲ ਕਰਵਾਉਣ ਲਈ ਚੰਡੀਗੜ੍ਹ ਵੱਲ ਚਾਲੇ ਪਾਏ ਜਾਣਗੇ। ਮੀਟਿੰਗ ਵਿੱਚ ਜੋਰਾ ਸਿੰਘ ਨਸਰਾਲੀ, ਹਰਮੇਸ਼ ਮਾਲੜੀ, ਦਰਸਨ ਨਾਹਰ, ਗੁਰਨਾਮ ਸਿੰਘ ਦਾਊਦ, ਬਲਦੇਵ ਸਿੰਘ ਨੂਰਪੁਰੀ, ਗੁਰਮੇਸ਼ ਸਿੰਘ,ਦੇਵੀ ਕੁਮਾਰੀ,ਗਿਆਨ ਸੈਦਪੁਰੀ, ਕਸ਼ਮੀਰ ਘੁੱਗਸ਼ੋਰ, ਮੱਖਣ ਸਿੰਘ ਰਾਮਗੜ੍ਹ, ਲਖਵੀਰ ਸਿੰਘ ਲੱਖਾ, ਦਰਸ਼ਨ ਸਿੰਘ, ਨਿਰਮਲ ਸਿੰਘ ਛੱਜਲਵੱਡੀ, ਗੋਬਿੰਦ ਸਿੰਘ ਛਾਜਲੀ ਅਤੇ ਗੁਰਪ੍ਰੀਤ ਸਿੰਘ ਰੂੜੇਕੇ ਹਾਜਰ ਹੋਏ।

ਮੋਦੀ ਸਰਕਾਰ ਵੱਲੋਂ ਯੂ ਏ ਪੀ ਏ ਲਗਾਉਣ ਖਿਲਾਫ਼ ਰੋਸ ਪ੍ਰਦਰਸ਼ਨ

ਬਹਿਰਾਮ (ਅਵਤਾਰ ਕਲੇਰ)

ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ ਵਿੱਚ ਸ਼ਹੀਦ-ਏ-ਆਜਮ ਭਗਤ ਸਿੰਘ ਆਈ ਟੀ ਆਈ ਵਿੱਚ ਸੰਸਦ ਵਿੱਚ ਰੰਗਦਾਰ ਧੂਆਂ ਨਾਲ ਰੋਸ ਪ੍ਰਦਰਸ਼ਨ ਕਰਨ ਵਾਲੇ ਨੌਜਵਾਨਾਂ 'ਤੇ ਮੋਦੀ ਸਰਕਾਰ ਵੱਲੋਂ ਯੂਏਪੀਏ ਲਗਾਉਣ ਖਿਲਾਫ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਆਗੂ ਰਾਜੂ ਬਰਨਾਲਾ ਅਤੇ ਜਸ਼ਨ ਕੁਮਾਰ ਤੇ ਆਈਟੀਆਈ ਕਮੇਟੀ ਦੇ ਸੈਕਟਰੀ ਸਿਮਰਨਜੀਤ ਸਿੰਘ ਨੇ ਕਿਹਾ ਕਿ ਇਹ ਨੌਜਵਾਨ ਸ਼ਹੀਦ ਭਗਤ ਸਿੰਘ ਤੋਂ ਪ੍ਰਭਾਵਿਤ ਸਨ। ਸ਼ਹੀਦ ਭਗਤ ਸਿੰਘ ਦੇ ਫੈਨ ਗਰੁੱਪ ਰਾਹੀਂ ਇੱਕ ਦੂਜੇ ਨਾਲ ਜੁੜੇ ਸਨ। ਇਹ ਨੌਜਵਾਨ ਪੜ੍ਹੇ ਲਿਖੇ ਸਨ ਤੇ ਬੇਰੋਜਗਾਰੀ ਤੋਂ ਤੰਗ ਸਨ। ਮੋਦੀ ਹਕੂਮਤ ਦੇਸ਼ ਭਰ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੁਜਗਾਰ ਦੇਣ ਦੀ ਬਜਾਏ ਫਿਰਕੂ ਮੁੱਦੇ ਭੜਕਾ ਕੇ ਸੱਤਾ 'ਚ ਰਹਿਣਾ ਚਾਹੁੰਦੀ ਹੈ,ਹਰ ਉਹ ਆਵਾਜ ਨੂੰ ਤਾਨਾਸ਼ਾਹੀ ਰਵਈਏ ਨਾਲ ਦਬਾ ਰਹੀ ਹੈ। ਇਸੇ ਤਾਨਾਸ਼ਾਹੀ ਖਿਲਾਫ ਇਹਨਾਂ ਨੌਜਵਾਨਾਂ ਨੇ ਸ਼ਹੀਦ ਭਗਤ ਸਿੰਘ ਦੀ ਤਰਜ 'ਤੇ ਆਪਣੀ ਆਵਾਜ ਸੁਣਾਉਣ ਲਈ ਇਹ ਤਰੀਕਾ ਅਪਣਾਇਆ, ਜਿਸ ਵਿੱਚ ਕਿਤੇ ਵੀ ਉਹਨਾਂ ਦਾ ਤਰੀਕਾ ਕਿਸੇ ਦਾ ਜਾਨੀ ਨੁਕਸਾਨ ਕਰਨ ਵਾਲਾ ਨਹੀਂ ਸੀ। ਉਹਨਾਂ ਹੋਲੀ ਦੇ ਦਿਨਾਂ 'ਚ ਵਰਤਿਆ ਜਾਣ ਵਾਲਾ ਰੰਗ ਹੀ ਵਰਤਿਆ ਉਹਨਾਂ ਅਜਿਹਾ ਕਰਨ ਸਮੇਂ "ਤਾਨਾਸ਼ਾਹੀ ਨਹੀਂ ਚੱਲੇਗੀ" ਅਤੇ "ਜੈ ਭੀਮ ਜੈ ਭਾਰਤ" ਦੇ ਨਾਅਰੇ ਲਗਾਏ ਮੋਦੀ ਹਕੂਮਤ ਨੇ ਆਪਣੀ ਤਾਨਾਸ਼ਾਹੀ ਸੋਚ ਤਹਿਤ ਉਹਨਾਂ 'ਤੇ ਯੂਏਪੀਏ ਦੇ ਪਰਚੇ ਦਰਜ ਕਰ ਦਿੱਤੇ ਹਨ। ਪੰਜਾਬ ਸਟੂਡੈਂਟਸ ਯੂਨੀਅਨ ਮੰਗ ਕਰਦੀ ਹੈ ਕਿ ਯੂਏਪੀਏ ਰੱਦ ਕੀਤਾ ਜਾਵੇ।ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਆਗੂ ਗੁਰਪ੍ਰੀਤ ਸਿੰਘ,ਨਵੀਨ ਕੁਮਾਰ,ਸਾਗਰ ਕੁਮਾਰ,ਹਿਮਾਂਸ਼ੂ ਨਵਾਂਸ਼ਹਿਰ ਆਦਿ ਤੋਂ ਇਲਾਵਾ ਆਈ ਟੀ ਆਈ ਦੇ ਵਿਦਿਆਰਥੀ ਯੁਵਰਾਜ ਮਹਿੰਮੀ ,ਜਸਕੀਰਤ ਸਿੰਘ, ਦਿਲਪ੍ਰੀਤ ਸਿੰਘ, ਅਭਿਸ਼ੇਕ ਕੁਮਾਰ, ਗਗਨਦੀਪ ਸਿੰਘ, ਸੌਰਵ ਅਤੇ ਹੋਰ ਬਹੁਤ ਸਾਰੇ ਵਿਦਿਆਰਥੀ ਮੌਜੂਦ ਸਨ।

ਦਾਨਾ ਮੰਡੀ ਨੇੜਲੇ ਸੇਵਾ ਕੇਂਦਰ 'ਚ ਹੋਈ ਚੋਰੀ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)

ਜ਼ਿਲ੍ਹੇ ਵਿੱਚ ਸੇਵਾ ਕੇਂਦਰਾਂ ਤੇ ਚੋਰੀ ਦੀਆਂ ਘਟਨਾਵਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਦਾਨਾ ਮੰਡੀ ਦੇ ਨਜ਼ਦੀਕ ਸਥਿੱਤ ਸੇਵਾ ਕੇਂਦਰ ਦੀ ਸੇਵਾ ਠੱਪ ਹੋਣ ਦਾ ਸਮਾਚਾਰ ਮਿਲਿਆ ਹੈ। ਜਾਣਕਾਰੀ ਦਿੰਦਿਆ ਸੇਵਾ ਕੇਂਦਰ ਦੀ ਇੰਚਾਰਜ ਮੈਡਮ ਨਿਤਿਨ ਨੇ ਦੱਸਿਆ ਕਿ ਅਸੀਂ ਹਰ ਰੋਜ਼ ਦੀ ਤਰ੍ਹਾਂ 18 ਦਸੰਬਰ ਦੀ ਸ਼ਾਮ ਨੂੰ ਸੇਵਾ ਕੇਂਦਰ ਬੰਦ ਕਰਕੇ ਗਏ ਸੀ।ਜਦੋਂ ਅੱਜ ਅਸੀਂ ਸਵੇਰੇ ਪੁੱਜੇ ਤਾਂ ਸਾਨੂੰ ਪਤਾ ਲੱਗਿਆ ਕਿ ਚੋਰਾਂ ਦੁਆਰਾ ਸੇਵਾ ਕੇਂਦਰ ਅੰਦਰ ਭਾਰੀ ਮਾਤਰਾ ਵਿੱਚ ਹੱਥ ਸਾਫ ਕੀਤਾ ਗਿਆ ਹੈ। ਮੌਕੇ ਅਨੁਸਾਰ ਦੇਖਣ 'ਤੇ ਪਤਾ ਲੱਗਿਆ ਕਿ ਸਭ ਤੋਂ ਪਹਿਲਾਂ ਚੋਰਾਂ ਨੇ ਬਾਹਰ ਲੱਗੇ ਬਿਜਲੀ ਮੀਟਰ ਨੂੰ ਬੰਦ ਕੀਤਾ ਅਤੇ ਫਿਰ ਤਾਲੇ ਤੋੜ ਅੰਦਰ ਦਾਖਲ ਹੋ ਕੇ ਪੰਜ ਕੰਪਿਊਟਰ ਸਕਰੀਨ, ਸੋਲਾਂ ਕੰਪਿਊਟਰ ਬੈਟਰੀ, ਇੱਕ ਜਨਰੇਟਰ ਬੈਟਰੀ, ਡੀ ਵੀ ਆਰ, ਪੰਜ ਪ੍ਰਿੰਟਰ ਅਤੇ ਹੋਰ ਬਹੁਤ ਸਾਰਾ ਨੁਕਸਾਨ ਕਰ ਗਏ। ਕਾਬਲੇਗ਼ੌਰ ਹੈ ਕਿ ਬੀਡੀਪੀਓ ਦਫਤਰ ਦੀ ਹੱਦ ਦੇ ਵਿੱਚ ਬਣੇ ਇਸ ਸੇਵਾ ਕੇਂਦਰ ਦੀ ਰਾਤ ਸਮੇਂ ਨਿਗਰਾਨੀ ਲਈ ਕੋਈ ਵੀ ਕਰਮਚਾਰੀ ਨਹੀਂ ਹੁੰਦਾ, ਪਰ ਬੀਡੀਪੀਓ ਦਫਤਰ ਵਿੱਚ ਤਾਇਨਾਤ ਰਾਤ ਦੇ ਸਕਿਉਰਟੀ ਗਾਰਡ ਨੂੰ ਵੀ ਇਸ ਦੀ ਭਣਕ ਨਹੀਂ ਲੱਗੀ। ਮੈਡਮ ਨਿਤਿਨ ਨੇ ਦੱਸਿਆ ਕਿ ਅਸੀਂ ਆਪਣੇ ਹਾਈ ਕਮਾਂਡ ਅਤੇ ਨੂਰਮਹਿਲ

ਪੁਲਸ ਨੂੰ ਸੂਚਿਤ ਕਰ ਦਿੱਤਾ ਹੈ । ਸੂਚਨਾ ਮਿਲਣ ਤੋਂ ਬਾਅਦ ਮੁਆਇਨਾ ਕਰਨ ਪਹੁੰਚੀ ਨੂਰਮਹਿਲ ਪੁਲਸ ਦੇ ਥਾਣਾ ਮੁਖੀ ਪੰਕਜ ਕੁਮਾਰ ਨੇ ਦੱਸਿਆ ਕਿ ਹਰ ਪਹਿਲੂ ਤੋਂ ਜਾਂਚ ਕਰ ਰਹੇ ਹਾਂ ਅਤੇ ਜਲਦ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਾਂਗੇ।

ਯੂਥ ਅਕਾਲੀ ਦਲ ਦੀਂ 'ਪੰਜਾਬ ਦੀ ਸ਼ਾਨ ਸਾਡੇ ਨੌਜਵਾਨ' ਮੁਹਿੰਮ ਨੂੰ ਭਰਵਾਂ ਹੁੰਗਾਰਾ

ਆਦਮਪੁਰ (ਪਰਮਜੀਤ ਸਿਘ)

ਯੂਥ ਅਕਾਲੀ ਦਲ ਜ਼ਿਲ੍ਹਾ ਜਲੰਧਰ ਦੀ ਇੱਕ ਅਹਿਮ ਮੀਟਿੰਗ ਵਿੱਪਨਦੀਪ ਸਿੰਘ ਸੰਨੀ ਢਿੱਲੋਂ ਦੀ ਅਗਵਾਈ ਹੇਠ ਹੋਈ। ਇਸ ਮੌਕੇ ਢਿੱਲੋਂ ਨੇ ਭਰਵੇਂ ਇੱਕਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਪੰਜਾਬ ਦੀ ਸਾਨ ਸਾਡੇ ਨੌਜਵਾਨ ਮੁਹਿੰਮ ਅਧੀਨ ਨੌਜਵਾਨਾਂ ਨੂੰ ਪਾਰਟੀ ਵਿੱਚ ਅੱਗੇ ਲਿਆਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸਦਾ ਉਹ ਭਰਵਾਂ ਸਵਾਗਤ ਕਰਦੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਨੌਜਵਾਨਾਂ ਨੂੰ ਪਾਰਟੀ ਨੂੰ ਮਜਬੂਤ ਕਰਨ ਦਾ ਸੱਦਾ ਦਿੱਤਾ ਗਿਆ ਹੈ ਤੇ ਇਸਦੇ ਨਾਲ ਨਾਲ ਆਉਣ ਵਾਲਿਆਂ ਪੰਚਾਇਤੀ, ਬਲਾਕ ਸੰਮਤੀ,ਕਾਰਪੋਰੇਸ਼ਨ ਚੋਣਾਂ ਅੰਦਰ 50 ਪ੍ਰਤੀਸ਼ਤ ਤੱਕ ਸੀਟਾਂ ਨੌਜਵਾਨਾਂ ਨੂੰ ਦੇਣ ਦਾ ਐਲਾਨ ਅਕਾਲੀ ਦਲ ਦੀ ਨੌਜਵਾਨਾਂ ਪ੍ਰਤੀ ਉਸਾਰੂ ਸੋਚ ਦਾ ਪ੍ਰਤੀਕ ਹੈ। ਜਿੱਥੇ ਹੁਣ ਅਹੁਦੇਦਾਰੀਆਂ ਮਿਹਨਤੀ ਤੇ ਜੁਝਾਰੂ ਵਰਕਰਾਂ ਨੂੰ ਮਿਲਣੀਆਂ ਹਨ। ਉਨ੍ਹਾਂ ਨੌਜਵਾਨਾਂ ਨੂੰ ਅੱਗੇ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਸਮਾਂ ਹੈ ਕਿ ਅਸੀਂ ਵੱਧ ਤੋਂ ਵੱਧ ਨੌਜਵਾਨਾਂ ਨੂੰ ਪਾਰਟੀ ਨਾਲ ਜੋੜੀਏ। ਉਨ੍ਹਾਂ ਮੈਂਬਰਸ਼ਿਪ ਮੁਹਿੰਮ ਨੂੰ ਤੇਜ ਕਰਨ ਗੱਲ ਕਰਦਿਆਂ ਦੱਸਿਆ ਕਿ ਅੱਜ ਜਿਸ ਤਰੀਕੇ ਨਾਲ

ਨੌਜਵਾਨਾਂ ਮੀਟਿੰਗ ਅੰਦਰ ਵੱਡੀ ਗਿਣਤੀ ਵਿੱਚ ਪਹੁੰਚ ਇਹ ਸਾਬਤ ਕੀਤਾ ਹੈ ਕਿ ਉਹ ਅਕਾਲੀ ਦਲ ਦੀ ਅਗਾਂਵਧੂ ਸੋਚ ਦੇ ਹਿਮਾਇਤੀ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਜਲੰਧਰ ਅੰਦਰ ਇਸ ਮੁਹਿੰਮ ਨੂੰ ਹਰ ਇੱਕ ਪਿੰਡ ਸ਼ਹਿਰ ਵਿੱਚ ਚਲਾਇਆ ਜਾਵੇਗਾ ਤੇ ਪਾਰਟੀ ਨੂੰ ਮਜਬੂਤ ਕਰਨ 'ਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਸ ਮੌਕੇ ਬਾਈ ਨਛੱਤਰ, ਜਸਪ੍ਰੀਤ ਸਿੰਘ, ਅੰਮ੍ਰਿਤ ਢਿੱਲੋਂ, ਉਂਕਾਰ ਸਿੰਘ, ਪ੍ਰਭਜੋਤ ਸਿੰਘ, ਯੁੱਧਵੀਰ ਸਿੰਘ, ਮੋਹਿਤ ਨਾਲ ਬਲਵੀਰ ਵਿਰਕ, ਸਨਦੀਪ ਵਿਰਕ, ਸੁਨੀਲ ਕੁਮਾਰ ਅਤੇ ਵੱਡੀ ਗਿਣਤੀ ਵਿਚ ਇਲਾਕੇ ਦੇ ਨੌਜਵਾਨ ਹਾਜਰ ਸਨ।

ਆਯੂਸ਼ ਸਿਹਤ ਤੇ ਤੰਦਰੁਸਤੀ ਕੇਂਦਰਾਂ ਬਾਰੇ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ

ਚੰਡੀਗੜ੍ਹ, (ਗੁਰਜੀਤ ਬਿੱਲਾ)

ਪੰਜਾਬ ਦੇ ਲੋਕਾਂ ਨੂੰ ਸਿਹਤਮੰਦ ਅਤੇ ਖੁਸ਼ਹਾਲ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਟੀਚੇ ਨੂੰ ਅੱਗੇ ਵਧਾਉਂਦੇ ਹੋਏ ਪੰਜਾਬ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਸੋਮਵਾਰ ਨੂੰ ਕਿਹਾ ਕਿ ਪੰਜਾਬ ਸਰਕਾਰ ਭਾਰਤ ਦੀ ਰਵਾਇਤੀ ਸਿਹਤ ਸੰਭਾਲ ਪ੍ਰਣਾਲੀ 'ਆਯੁਰਵੇਦ' ਨੂੰ ਮੁੜ ਸੁਰਜੀਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ। ਜ਼ਿਕਰਯੋਗ ਹੈ ਕਿ ਆਯੁਰਵੇਦ ਦਾ ਮੁੱਖ ਮੰਤਵ ਬਿਮਾਰੀ ਦੀ ਰੋਕਥਾਮ ਅਤੇ ਸਿਹਤ ਦੀ ਸਾਂਭ-ਸੰਭਾਲ 'ਤੇ ਹੁੰਦਾ ਹੈ, ਜਦਕਿ, ਇਸ ਪ੍ਰਣਾਲੀ ਵਿੱਚ ਕੁਦਰਤੀ ਤੱਤਾਂ ਦੀ ਵਰਤੋਂ ਕਰਕੇ ਬਿਮਾਰੀ ਦਾ ਇਲਾਜ ਵੀ ਕੀਤਾ ਜਾਂਦਾ ਹੈ। ਡਾ. ਬਲਬੀਰ ਸਿੰਘ , ਜੋ ਕਿ ਆਯੁਰਵੇਦ ਵਿਭਾਗ ਪੰਜਾਬ ਦੇ ਡਾਇਰੈਕਟਰ ਡਾ. ਰਵੀ ਡੂਮਰਾ ਨਾਲ ਇੱਥੇ ਪਹੁੰਚੇ ਸਨ, ਨੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟਰੇਸ਼ਨ (ਮਗਸੀਪਾ) ਵਿਖੇ ਆਯੋਜਿਤ ਆਯੂਸ਼ ਸਿਹਤ ਅਤੇ ਤੰਦਰੁਸਤੀ ਕੇਂਦਰ, ਪੰਜਾਬ 'ਤੇ 5 ਰੋਜ਼ਾ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ ਕੀਤਾ। ਸਿਹਤ ਮੰਤਰੀ ਨੇ ਸਾਰੇ ਪ੍ਰਤੀਭਾਗੀਆਂ ਨੂੰ ਰੋਲ ਮਾਡਲ ਬਣਨ ਅਤੇ ਇਸ ਚੰਗੀ ਪੁਰਾਤਨ ਭਾਰਤੀ ਇਲਾਜ ਪ੍ਰਣਾਲੀ ਨੂੰ ਮੁੜ ਸੁਰਜੀਤ ਕਰਨ ਵਿੱਚ ਰਾਜ ਦੀ ਮਦਦ ਕਰਨ ਦਾ ਸੱਦਾ ਦਿੱਤਾ, ਜੋ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੇ ਪੰਜਾਬ ਦੇ ਲੋਕਾਂ ਨੂੰ ਸਿਹਤਮੰਦ ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਸਕਦਾ ਹੈ। ਉਨ੍ਹਾਂ

ਲੋਕਾਂ ਨੂੰ ਸਵੈ-ਇੱਛਾ ਨਾਲ ਆਪਣੇ ਘਰਾਂ ਦੇ ਨੇੜੇ ਯੋਗਾ ਸੈਸ਼ਨ ਕਰਵਾਉਣ ਅਤੇ ਲੋਕਾਂ ਨੂੰ ਆਯੁਰਵੇਦ ਪ੍ਰਤੀ ਜਾਗਰੂਕ ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ 158 ਆਯੂਸ਼ ਸਿਹਤ ਅਤੇ ਤੰਦਰੁਸਤੀ ਕੇਂਦਰਾਂ ਨੂੰ ਅਪਗ੍ਰੇਡ ਕੀਤਾ ਹੈ ਅਤੇ ਇਨ੍ਹਾਂ ਸਾਰੇ ਕੇਂਦਰਾਂ ਵਿੱਚ ਹਰਬਲ ਗਾਰਡਨ ਸਥਾਪਿਤ ਕੀਤੇ ਜਾ ਰਹੇ ਹਨ ਤਾਂ ਜੋ ਲੋਕ ਹਲਕੀਆਂ-ਫੁਲਕੀਆਂ ਬਿਮਾਰੀਆਂ ਤੋਂ ਨਿਜਾਤ ਪਾਉਣ ਐਲੋਪੈਥੀ ਦਵਾਈਆਂ 'ਤੇ ਨਿਰਭਰ ਹੋਣ ਦੀ ਥਾਂ ਜੜੀ- ਬੂਟੀਆਂ ਵਾਲੀਆਂ ਕੁਦਰਤੀ ਦਵਾਈਆਂ ਇਸਤੇਮਾਲ ਕਰ ਠੀਕ ਹੋ ਸਕਣ। ਇਸ ਵਰਕਸ਼ਾਪ ਵਿੱਚ ਸੂਬੇ ਭਰ ਦੇ ਸਾਰੇ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ, ਆਯੁਰਵੈਦਿਕ ਮੈਡੀਕਲ ਅਫ਼ਸਰ, ਉਪਵੇਦ ਅਤੇ ਯੋਗਾ ਇੰਸਟਰਕਟਰਾਂ ਨੇ ਭਾਗ ਲਿਆ।

21000 ਰੁਪਏ ਦੀ ਰਾਸ਼ੀ ਡੀ ਏ ਵੀ ਸਕੂਲ ਨੂੰ ਭੇਟ

ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ) -ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਤਖਤਗੜ੍ਹ ਵਿਖੇ ਸੋਲਰ ਸਿਸਟਮ ਲਗਾਉਣ ਲਈ ਦਾਨੀ ਸੱਜਣ ਵਲੋਂ 21 ਹਜਾਰ ਰੁਪਏ ਦੀ ਰਾਸ਼ੀ ਸਕੂਲ ਮੈਨੇਜਮੈਂਟ ਕਮੇਟੀ ਨੂੰ ਸੌਂਪੀ ਗਈ। ਕਮੇਟੀ ਮੈਂਬਰ ਬਲਬੀਰ ਸਿੰਘ ਭੱਟੋ ਨੇ ਦੱਸਿਆ ਕਿ ਉਕਤ ਸਕੂਲ ਵਿੱਚ ਸੋਲਰ ਸਿਸਟਮ

ਲਗਾਉਣਾ ਸਮੇਂ ਦੀ ਮੁੱਖ ਲੋੜ ਹੈ ਜਿਸ ਲਈ ਉਨ੍ਹਾਂ ਵੱਲੋਂ ਹਰਜੀਤ ਸਿੰਘ ਮੋਹਾਲੀ ਨੂੰ ਬੇਨਤੀ ਕੀਤੀ ਗਈ ਸੀ ਜਿਸ ਦੇ ਚੱਲਦਿਆਂ ਭੁਪਿੰਦਰ ਸਿੰਘ ਤੇ ਹਰਜੀਤ ਸਿੰਘ ਮੋਹਾਲੀ (ਸੇਖਪੁਰ) ਵੱਲੋਂ ਸਕੂਲ ਕਮੇਟੀ ਦੇ ਪ੍ਰਧਾਨ ਰਮੇਸ਼ ਕੁਮਾਰ ਨੂੰ 21000 ਰੁਪਏ ਦੀ ਨਕਦ ਰਾਸ਼ੀ ਭੇਂਟ ਕੀਤੀ ਗਈ। ਪ੍ਰਧਾਨ ਨੇ ਦਾਨੀ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ ਤੇ ਅੱਗਿਓਂ ਵੀ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ ਕ

20-Dec-PAGE-9.qxd 12/19/2023 10:42 PM Page 1

ਮਾਨ ਨੇ ਸਰਪੰਚਾਂ, ਪੰਚਾਂ ਨਾਲ ਪੰਚਾਇਤੀ ਚੋਣਾਂ ਸੰਬੰਧੀ ਕੀਤੀ ਮੀਟਿੰਗ

ਫਗਵਾੜਾ (ਡਾ.ਰਮਨ, ਜਸਵਿੰਦਰ ਢੱਡਾ)

ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਪੰਜਾਬ ਸਰਕਾਰ ਵੱਲੋਂ ਜਨਵਰੀ ਮਹੀਨੇ ਵਿੱਚ ਕਰਵਾਈਆਂ ਜਾ ਰਹੀਆਂ ਪੰਚਾਇਤੀ ਚੋਣਾਂ ਦੀਆਂ ਤਿਆਰੀਆਂ ਸਬੰਧੀ ਅੱਜ ਆਪਣੇ ਗ੍ਰਹਿ ਵਿਖੇ ਮੀਟਿੰਗ ਕੀਤੀ। ਜਿਸ ਵਿੱਚ ਸੀਨੀਅਰ ਆਗੂ ਦਲਜੀਤ ਸਿੰਘ ਰਾਜੂ, ਹਰਨੂਰ ਸਿੰਘ ਹਰਜੀ ਮਾਨ, ਬਲਾਕ ਪ੍ਰਧਾਨ ਵਰੁਣ ਬੰਗੜ, ਬਲਾਕ ਪ੍ਰਧਾਨ ਫੌਜੀ ਸ਼ੇਰਗਿੱਲ ਤੋਂ ਇਲਾਵਾ ਦਰਜਨਾਂ ਪਿੰਡਾਂ ਦੇ ਸਰਪੰਚਾਂ ਤੇ ਪੰਚਾਇਤ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਪੰਚਾਇਤੀ ਚੋਣਾਂ ਦੀਆਂ ਤਿਆਰੀਆਂ ਸਬੰਧੀ ਡੂੰਘਾਈ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਜੋਗਿੰਦਰ ਸਿੰਘ ਮਾਨ ਨੇ ਹਾਜ਼ਰ ਸਰਪੰਚਾਂ, ਪੰਚਾਂ ਅਤੇ ਪਾਰਟੀ ਵਲੰਟੀਅਰਾਂ ਤੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਚਾਇਤੀ ਚੋਣਾਂ ਦੀ ਤਿਆਰੀ ਵਿਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਉਨ੍ਹਾਂ ਵਲੰਟੀਅਰਾਂ ਨੂੰ ਹਦਾਇਤ ਕੀਤੀ ਕਿ ਉਹ ਭਗਵੰਤ ਮਾਨ ਸਰਕਾਰ ਵੱਲੋਂ ਕਰਵਾਏ ਗਏ ਪੇਂਡੂ ਵਿਕਾਸ ਕਾਰਜਾਂ ਅਤੇ 'ਆਪ' ਸਰਕਾਰ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ। ਉਨ੍ਹਾਂ ਜਿੱਥੇ ਪੇਂਡੂ ਵਿਕਾਸ ਨੂੰ ਮੁੱਖ ਰੱਖਦਿਆਂ ਸਰਬ ਸੰਮਤੀ ਨਾਲ ਪੰਚਾਇਤਾਂ ਦੇ ਗਠਨ 'ਤੇ ਜ਼ੋਰ ਦਿੱਤਾ ਉੱਥੇ ਹੀ ਕਿਹਾ ਕਿ ਜਿਹੜੇ ਵਰਕਰ ਪੇਂਡੂ ਪੱਧਰ 'ਤੇ ਸਭ ਤੋਂ ਵੱਧ ਸਰਗਰਮ ਅਤੇ ਵੋਟਰਾਂ ਵਿੱਚ ਚੰਗੀ ਪਕੜ ਰੱਖਦੇ ਹਨ, ਉਨ੍ਹਾਂ ਨੂੰ ਹੀ ਟਿਕਟਾਂ ਦਿੱਤੀਆਂ ਜਾਣਗੀਆਂ। ਮਾਨ ਤੋਂ ਇਲਾਵਾ ਸੀਨੀਅਰ ਆਗੂ ਦਲਜੀਤ ਸਿੰਘ ਰਾਜੂ ਨੇ ਵੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰ ਪਿੰਡ ਵਿਚ ਪਾਰਟੀ ਵਰਕਰਾਂ ਨੂੰ ਇਹ ਚੋਣ ਆਪਣੇ ਵੱਕਾਰ ਦੇ ਸਵਾਲ 'ਤੇ ਲੜਨੀ ਚਾਹੀਦੀ ਹੈ। ਸਾਰੇ ਵਰਕਰਾਂ ਨੂੰ ਬੂਥ ਪੱਧਰ 'ਤੇ ਦਿਨ ਰਾਤ ਮਿਹਨਤ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ। ਮਾਨ ਅਤੇ ਰਾਜੂ ਨੇ ਕਿਹਾ ਕਿ ਪੰਚਾਇਤੀ ਚੋਣਾਂ ਤੋਂ ਬਾਅਦ ਲੋਕ ਸਭਾ ਚੋਣਾਂ ਲਈ ਬਹੁਤ ਘੱਟ ਸਮਾਂ ਬਚਿਆ ਹੈ, ਇਸ ਲਈ ਜਿੱਤ ਦਾ ਟੀਚਾ ਮਿੱਥ ਕੇ ਚੋਣ ਤਿਆਰੀਆਂ ਗੰਭੀਰਤਾ ਨਾਲ ਕੀਤੀਆਂ ਜਾਣ। ਮੀਟਿੰਗ ਵਿੱਚ ਹਾਜ਼ਰ ਸਮੂਹ ਸਰਪੰਚਾਂ, ਪੰਚਾਂ ਅਤੇ ਵਲੰਟੀਅਰਾਂ ਨੇ ਜੋਗਿੰਦਰ ਸਿੰਘ ਮਾਨ ਸਮੇਤ ਸੀਨੀਅਰ ਆਗੂਆਂ ਨੂੰ ਭਰੋਸਾ ਦਿੱਤਾ ਕਿ ਉਹ 'ਆਪ' ਪਾਰਟੀ ਦੇ ਉਮੀਦਵਾਰ ਨੂੰ ਵੱਡੇ ਫਰਕ ਨਾਲ ਜਿਤਾਉਣਗੇ ਅਤੇ ਸਾਰੇ ਪਿੰਡਾਂ ਵਿੱਚ 'ਆਪ' ਪੰਚਾਇਤਾਂ ਦਾ ਗਠਨ ਯਕੀਨੀ ਬਣਾਇਆ ਜਾਵੇਗਾ। ਇਸ ਮੌਕੇ ਸਰਪੰਚ ਹਰਦੀਪ ਸਿੰਘ ਸੰਗਤਪੁਰ, ਅਵਤਾਰ ਸਿੰਘ ਪੰਡਵਾ, ਹਰਜੀਤ ਸਿੰਘ ਪਾਂਛਟਾ, ਹੇਮਰਾਜ ਢੱਡੇ, ਅੰਮ੍ਰਿਤਪਾਲ ਸਿੰਘ ਪੰਡੋਰੀ, ਅਗਿਆਪਾਲ ਖਲਵਾੜਾ, ਕੁਲਦੀਪ ਸਿੰਘ ਸਾਬਕਾ ਸਰਪੰਚ ਖੱਟੀ, ਸੁੱਚਾ ਰਾਮ ਮੌਲੀ ਬਲਾਕ ਸਮਿਤੀ ਮੈਂਬਰ, ਜੋਗਿੰਦਰ ਕੌਰ ਮਾਇਓਪੱਟੀ, ਕੁਲਵਿੰਦਰ ਸਿੰਘ ਡੂਮੇਲੀ, ਅਵਤਾਰ ਸਿੰਘ ਨਸੀਰਾਬਾਦ, ਕੁਲਦੀਪ ਮਾਹੀ ਜਗਪਾਲਪੁਰ, ਬਲਵਿੰਦਰ ਰਾਮ ਮੀਰਾਂਪੁਰ, ਹਰਜੀਤ ਸਿੰਘ ਟਾਂਡਾ ਬਘਾਣਾ, ਕਸ਼ਮੀਰ ਕੌਰ ਬੇਗਮਪੁਰ, ਬਗੀਚਾ ਰਾਮ ਸਾਬਕਾ ਸਰਪੰਚ ਕ੍ਰਿਪਾਲਪੁਰ, ਸੁਰਿੰਦਰਪਾਲ ਮੇਹਟਾਂ, ਸ਼ਮਿੰਦਰਪਾਲ ਢੰਡੋਲੀ, ਦੀਪ ਸਿੰਘ ਹਰਦਾਸਪੁਰ, ਰਣਬੀਰ ਸਿੰਘ, ਓਮ ਪ੍ਰਕਾਸ਼ ਵਜੀਦੋਵਾਲ, ਮਨਪ੍ਰੀਤ ਸਿੰਘ, ਕਸ਼ਮੀਰ ਖਲਵਾੜਾ, ਅਮਨਿੰਦਰ ਸਿੰਘ, ਜੋਤੀ ਪੰਚ ਖੰਗੂੜਾ, ਲਾਡੀ ਸੰਗਤਪੁਰ, ਸਰਵਣ ਸਿੰਘ ਦਿਓ, ਲਵਪ੍ਰੀਤ ਅਠੌਲੀ, ਸਤਨਾਮ ਸਿੰਘ ਸਰਪੰਚ ਖੰਗੂੜਾ, ਲਵਦੀਪ ਆਦਿ ਹਾਜ਼ਰ ਸਨ।

ਜੇਕਰ ਜਲਦ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਹੋਰ ਤੇਜ਼ ਕਰਾਂਗੇ : ਕਰਮਚਾਰੀ ਯੂਨੀਅਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਪੰਜਾਬ ਰਾਜ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਦੀ ਪੰਜਾਬ ਰਾਜ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ 'ਚ ਇੱਕ ਮੰਗ ਪੱਤਰ ਡੀ ਆਰ ਹੁਸ਼ਿਆਰਪੁਰ ਨੂੰ ਦਿੱਤਾ ਗਿਆ। ਸਟੇਟ ਯੂਨੀਅਨ ਵੱਲੋਂ ਮਿਤੀ: 03-07-2023 ਨੂੰ ਰਜਿਸਟਰਾਰ ਸਾਹਿਬ ਨੂੰ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਦੇ ਕਰਮਚਾਰੀਆਂ ਦੀਆਂ ਮੰਗਾਂ ਦੀ ਸੰਬੰਧੀ ਮੀਟਿੰਗ ਕਰਕੇ ਬੇਨਤੀ ਪੱਤਰ ਦਿੱਤਾ ਗਿਆ ਸੀ ਅਤੇ ਰਜਿਸਟਰਾਰ ਸਾਹਿਬ ਵਲੋਂ ਇਨ੍ਹਾ ਜਾਇਜ ਮੰਗਾਂ ਨੂੰ ਜਲਦ ਪ੍ਰਵਾਨ ਕਰਨ ਦਾ ਭਰੋਸਾ ਦਿੱਤਾ ਗਿਆ ਸੀ। ਪ੍ਰੰਤੂ ਅੱਜ ਤੱਕ ਕੋਈ ਵੀ ਮੰਗ ਪੂਰੀ ਨਹੀਂ ਹੋਈ ਅਤੇ ਨਾ ਹੀ ਇਸ ਸੰਬੰਧੀ ਕੋਈ ਮੀਟਿੰਗ ਕੀਤੀ ਗਈ ਹੈ। ਇਸ ਲਈ ਦੀ ਪੰਜਾਬ ਰਾਜ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ, ਪੰਜਾਬ ਵੱਲੋਂ ਇਹ ਪਾਸ ਕੀਤਾ ਗਿਆ ਕਿ ਮਿਤੀ 18-12-2023 ਤੋਂ ਮਿਤੀ 01-01-2024 ਤੱਕ ਮਹਿਕਮੇਂ ਦੀਆਂ ਰਿਪੋਰਟਾਂ, ਮੀਟਿੰਗਾਂ, ਸਭਾਵਾਂ ਦਾ ਨਿਰੀਖਣ, ਕੇ.ਸੀ.ਸੀ. ਪੋਰਟਲ, ਸੀ.ਐਸ.ਸੀ. ਸੈਂਅਰ ਸਭਾਵਾਂ ਦਾ ਕੰਪਿਊਟਰੀਕਰਨ ਅਤੇ ਸਭਾਵਾਂ ਵਿੱਚ ਹੋਰ ਨਵੀਆਂ ਸਕੀਮਾਂ ਦਾ ਬਾਈਕਾਟ ਕੀਤਾ ਜਾਂਦਾ ਹੈ। ਜੇਕਰ ਮਿਤੀ 06-01-2023 ਤੱਕ ਮਹਿਕਮੇਂ ਵਲੋਂ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਦੇ ਕਰਮਚਾਰੀਆਂ ਦੀਆਂ ਮੰਗਾਂ 'ਤੇ ਕੋਈ ਗੌਰ ਨਹੀਂ ਕੀਤਾ ਗਿਆ ਤਾਂ ਇਸ ਸੰਘਰਸ਼ ਨੂੰ ਹੋਰ ਤੇਜ ਕੀਤਾ ਜਾਵੇਗਾ। ਇਸ ਮੌਕੇ ਪਰਮਜੀਤ ਸਿੰਘ ਜ਼ਿਲ੍ਹਾ ਪ੍ਰਧਾਨ, ਦਿਲਬਾਗ ਸਿੰਘ ਸਟੇਟ ਡੈਲੀਗੇਟ, ਗੁਰਨੇਕ ਸਿੰਘ ਸਟੇਟ ਡੈਲੀਗੇਟ, ਮਨਜੀਤ ਸਿੰਘ ਜਨਰਲ ਸਕੱਤਰ, ਲਖਵੀਰ ਸਿੰਘ ਕੈਸ਼ੀਅਰ, ਪਿੰਦਰ ਕੁਮਾਰ ਬਜਵਾੜਾ, ਬਹਾਦਰ ਸਿੰਘ ਸੀ.ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਮੀਤ ਪ੍ਰਧਾਨ, ਪਰਮਿੰਦਰ ਸਿੰਘ, ਸਤੀਸ਼ ਕੁਮਾਰ ਭੁੰਗਾ ਹਾਜ਼ਰ ਸਨ।

ਮੁੱਖ ਮੰਤਰੀ ਮਾਨ ਸਾਰੇ ਵਰਗਾਂ ਲਈ ਤਨਦੇਹੀ ਨਾਲ ਕੰਮ ਕਰ ਰਹੇ : ਕੰਗ

ਚੰਡੀਗੜ੍ਹ, (ਗੁਰਜੀਤ ਬਿੱਲਾ)- ਆਮ ਆਦਮੀ ਪਾਰਟੀ (ਆਪ) ਪੰਜਾਬ ਇਕਾਈ ਮਾਨ ਸਰਕਾਰ ਵੱਲੋਂ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਲਈ ਡੀਏ 4% ਵਧਾਉਣ ਦੇ ਫੈਸਲੇ ਦਾ ਸਵਾਗਤ ਕਰਦੀ ਹੈ। 'ਆਪ' ਨੇ ਇਸ ਫੈਸਲੇ ਨੂੰ ਸਾਡੇ ਸੂਬੇ ਲਈ ਸਖਤ ਮਿਹਨਤ ਕਰਨ ਵਾਲੇ ਮੁਲਾਜ਼ਮਾਂ ਦੀ ਭਲਾਈ ਲਈ ਇੱਕ ਚੰਗਾ ਕਦਮ ਕਰਾਰ ਦਿੱਤਾ ਹੈ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ 'ਆਪ' ਦੇ ਬੁਲਾਰੇ ਗੋਵਿੰਦਰ ਮਿੱਤਲ ਨਾਲ ਚੰਡੀਗੜ੍ਹ ਸਥਿਤ ਪਾਰਟੀ ਦਫਤਰ ਤੋਂ ਕੀਤੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਆਪ' ਦੀ ਸਰਕਾਰ ਪੰਜਾਬ 'ਚ ਹਰ ਵਰਗ ਦੀ ਸਰਕਾਰ ਹੈ, ਇਸ 'ਚ ਕਿਸੇ ਵੀ ਵਰਗ ਨੂੰ ਪਿੱਛੇ ਨਹੀਂ ਛੱਡਿਆ ਜਾਵੇਗਾ। ਪੰਜਾਬ ਤਰੱਕੀ ਦੇ ਸਹੀ ਰਾਹ 'ਤੇ ਹੈ। ਮਾਨ ਸਰਕਾਰ ਦਾ ਹਰ ਫੈਸਲਾ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਹੈ ਅਤੇ ਇਸ ਵਾਰ ਸਾਡੀ ਸਰਕਾਰ ਨੇ ਸਾਰੇ ਸਰਕਾਰੀ ਕਰਮਚਾਰੀਆਂ ਨੂੰ ਨਵੇਂ ਸਾਲ ਮੌਕੇ ਤੋਹਫਾ ਦਿੱਤਾ ਹੈ। ਕੰਗ ਨੇ ਕਿਹਾ ਕਿ ਕਰਮਚਾਰੀ ਸਾਡੀ ਪ੍ਰਣਾਲੀ ਦਾ ਇੱਕ ਬਹੁਤ ਹੀ ਮਹੱਤਵਪੂਰਨ ਹਿੱਸਾ ਹਨ ਅਤੇ ਉਨ੍ਹਾਂ ਦੀ ਭਲਾਈ ਵੀ ਬਹੁਤ ਜਰੂਰੀ ਹੈ, ਮਾਨ ਸਰਕਾਰ ਵੱਲੋਂ ਡੀਏ 4% ਵਧਾਉਣ ਦੇ ਫੈਸਲੇ ਦਾ ਸਵਾਗਤ ਹੈ। ਕੰਗ ਨੇ ਕਿਹਾ ਕਿ 'ਰੰਗਲਾ ਪੰਜਾਬ' ਬਣਾਉਣ 'ਚ ਮੁਲਾਜ਼ਮਾਂ ਦੀ ਅਹਿਮ ਭੂਮਿਕਾ ਹੈ ਇਸ ਲਈ ਮਾਨ ਸਰਕਾਰ ਵਿੱਚ ਉਨ੍ਹਾਂ ਦੀਆਂ ਮੰਗਾਂ ਨੂੰ ਪਹਿਲ ਦੇ ਨਾਲ ਸੁਣਿਆ ਜਾਂਦਾ ਹੈ।

ਵੋਟਰ ਸੂਚੀ ਦੀ ਸੁਧਾਈ ਦੌਰਾਨ ਪ੍ਰਾਪਤ ਦਾਅਵਿਆਂ 'ਤੇ ਇਤਰਾਜ਼ਾਂ ਦਾ ਨਿਪਟਾਰਾ 26 ਤੱਕ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਨੇ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਨੂੰ ਵੋਟਰ ਸੂਚੀ ਦੀ ਸਰਸਰੀ ਸੁਧਾਈ ਦੌਰਾਨ ਪ੍ਰਾਪਤ ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ 26 ਦਸਬੰਰ 2023 ਤੱਕ ਹਰ ਹਾਲ 'ਚ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੁੱਖ ਚੋਣ ਅਫਸਰ, ਪੰਜਾਬ, ਚੰਡੀਗੜ੍ਹ ਵੱਲੋਂ ਵੀਡੀਓ ਕਾਨਫਰੰਸ ਰਾਹੀਂ ਕੀਤੀ ਮੀਟਿੰਗ 'ਚ ਹਿੱਸਾ ਲੈਣ ਉਪਰੰਤ ਵਧੀਕ ਡਿਪਟੀ ਕਮਿਸ਼ਨਰ ਨੇ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਨੂੰ ਕਿਹਾ ਕਿ 01.03.2023 ਤੋਂ 26.10.2023 ਤੱਕ ਦੀ ਲਗਾਤਾਰ ਸੁਧਾਈ ਦੇ ਸਮੇਂ ਦੌਰਾਨ ਪ੍ਰਾਪਤ ਫਾਰਮਾਂ ਦਾ ਨਿਪਟਾਰਾ 20 ਦਸਬੰਰ 2023 ਤੱਕ ਕੀਤਾ ਜਾਣਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਵੋਟਰ ਸੂਚੀ ਦੀ ਸਰਸਰੀ ਸੁਧਾਈ-2024 ਦੌਰਾਨ ਦਾਅਵਿਆਂ ਅਤੇ ਇਤਰਾਜ਼ਾਂ ਸਬੰਧੀ ਪ੍ਰਾਪਤ ਹੋਏ ਫਾਰਮਾਂ ਦਾ ਨਿਪਟਾਰਾ 26 ਦਸਬੰਰ 2023 ਤੱਕ ਹਰ ਹਾਲਤ 'ਚ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਕਾਰਜ ਨੂੰ ਪਹਿਲ ਦੇ ਆਧਾਰ 'ਤੇ ਨੇਪਰੇ ਚਾੜ੍ਹਿਆ ਜਾਵੇ।

ਪੰਜਾਬ ਰਾਜ ਵਪਾਰੀ ਕਮਿਸ਼ਨ ਵੱਲੋਂ ਵੱਖ-ਵੱਖ ਵਪਾਰਕ ਐਸੋਸੀਏਸ਼ਨਾਂ ਨਾਲ ਮੀਟਿੰਗ

ਚੰਡੀਗੜ੍ਹ, (ਗੁਰਜੀਤ ਬਿੱਲਾ)- ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਮੈਂਬਰ ਵਨੀਤ ਵਰਮਾ ਨੇ ਵੱਖ-ਵੱਖ ਵਪਾਰਕ ਖੇਤਰਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਮੈਂਬਰ ਨੇ ਵਪਾਰੀਆਂ ਦੀਆਂ ਮੰਗਾਂ ਬਹੁਤ ਧਿਆਨ ਨਾਲ ਸੁਣੀਆਂ ਅਤੇ ਵਪਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਜਲਦ ਪੂਰਾ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਨੁਮਾਇੰਦਿਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ ਸਬੰਧਤ ਵਿਭਾਗ ਕੋਲ ਹੱਲ ਕਰਨ ਲਈ ਭੇਜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਚਨਬੱਧ ਹੈ ਅਤੇ ਸਨਅਤਾਂ/ਉਦਯੋਗਾਂ ਦੀ ਉੱਨਤੀ ਲਈ ਸੁਹਿਰਦ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵਪਾਰੀ ਹਮੇਸ਼ਾ ਹੀ ਸੂਬੇ ਦੀ ਖੁਸ਼ਹਾਲੀ 'ਚ ਅਹਿਮ ਭੂਮਿਕਾ ਅਦਾ ਕਰਦੇ ਹਨ ਅਤੇ ਦੇਸ਼ ਦੀ ਆਰਥਿਕਤਾ ਵਿੱਚ ਵਪਾਰੀਆਂ ਦਾ ਅਹਿਮ ਯੋਗਦਾਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਵਪਾਰੀ ਵਰਗ ਸਮਾਜ ਦਾ ਅਹਿਮ ਅੰਗ ਹੈ ਅਤੇ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।

ਅਲੌਕਿਕ ਦਸਮੇਸ਼ ਪੈਦਲ ਮਾਰਚ 22 ਨੂੰ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਅਲੌਕਿਕ ਦਸਮੇਸ਼ ਪੈਦਲ ਮਾਰਚ 22 ਦਸੰਬਰ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਅਰੰਭ ਹੋਵੇਗਾ। ਇਸ ਸੰਬੰਧੀ ਜਾਣਕਾਰੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿ: ਸੁਲਤਾਨ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਅਤੇ ਭਾਈ ਕੁਲਵੰਤ ਸਿੰਘ ਲੱਖਾ ਵੱਲੋਂ ਸਾਂਝੇ ਤੌਰ 'ਤੇ ਦਿੱਤੀ ਗਈ। ਭਾਈ ਅਮਰਜੀਤ ਸਿੰਘ ਚਾਵਲਾ ਨੇ ਕਿਹਾ ਕਿ ਗੁਰੂ ਪਾਤਸ਼ਾਹ ਵੱਲੋਂ ਆਪਣੇ ਪਰਵਾਰ ਅਤੇ ਸਿੰਘਾਂ ਸਮੇਤ ਅਨੰਦਪੁਰੀ ਨੂੰ ਛੱਡ ਕੇ ਚਲੇ ਜਾਣਾ ਇਤਿਹਾਸ ਦਾ ਉਹ ਕਾਲਮ ਹੈ ਜੋ ਅੱਖਾਂ ਵਿਚ ਆਪ ਮੁਹਾਰੇ ਹੰਝੂ ਲਿਆ ਦਿੰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਨਗਰ ਕੀਰਤਨ ਵਿੱਚ ਜਿੱਥੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿ: ਰਘਬੀਰ ਸਿੰਘ ਸ਼ਮੂਲੀਅਤ ਕਰਨਗੇ ਉਥੇ ਕੌਮੀ ਵਿਦਵਾਨ ਭਾਈ ਪਿੰਦਰਪਾਲ ਸਿੰਘ ਵੀ ਉਚੇਚੇ ਤੌਰ 'ਤੇ ਪਹੁੰਚ ਕੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਣਗੇ। ਇਸ ਮੌਕੇ ਭਾਈ ਕੁਲਵੰਤ ਸਿੰਘ ਲੱਖਾ, ਬਾਬਾ ਜਰਨੈਲ ਸਿੰਘ ਕਾਰ ਸੇਵਾ, ਮੈਨੇਜਰ ਗੁਰਪ੍ਰੀਤ ਸਿੰਘ ਰੋਡੇ, ਐਡੀਸ਼ਨਲ ਮੈਨੇਜਰ ਹਰਦੇਵ ਸਿੰਘ, ਜਥੇਦਾਰ ਅਜੈਬ ਸਿੰਘ, ਭਾਈ ਸੁਖਦੇਵ ਸਿੰਘ, ਜਸਬੀਰ ਸਿੰਘ ਬੀਰਾ ਆਦਿ ਹਾਜ਼ਰ ਸਨ।

ਸਰਕਾਰ ਬੱਚਿਆਂ ਦੀ ਸਿਹਤ ਤੇ ਤੰਦਰੁਸਤੀ ਲਈ ਲਗਾਤਾਰ ਕਾਰਜ਼ਸੀਲ : ਡਾ. ਬਲਜੀਤ ਕੌਰ

ਚੰਡੀਗੜ੍ਹ, (ਗੁਰਜੀਤ ਬਿੱਲਾ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬੱਚਿਆਂ ਦੀ ਸਿਹਤ ਅਤੇ ਤੰਦਰੁਸਤੀ ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸੇ ਤਹਿਤ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਕੁਪੋਸ਼ਣ ਅਤੇ ਅਨੀਮੀਆ ਦੇ ਖਾਤਮੇ ਸੰਬੰਧੀ ਕਿਸਾਨ ਭਵਨ, ਚੰਡੀਗੜ੍ਹ ਵਿਖੇ ਵਰਕਸ਼ਾਪ ਦਾ ਆਯੋਜਨ ਕੀਤਾ। ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਸੂਬੇ 'ਚ ਕੁਪੋਸ਼ਣ ਅਤੇ ਅਨੀਮੀਆ ਦੇ ਖਾਤਮੇ ਲਈ ਪੂਰੀ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਕੁਪੋਸ਼ਣ ਹਰ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਸਰਕਾਰ ਵੱਲੋਂ ਕੁਪੋਸ਼ਣ ਦੇ ਖਾਤਮੇ ਲਈ ਉਪਰਾਲੇ ਕੀਤੇ ਜਾ ਰਹੇ ਹਨ।

20-DEC-PAGE-10.qxd 12/19/2023 10:27 PM Page 1

ਕਿਸਾਨਾਂ ਦੀ ਕੰਪਨੀ ਅਧਿਕਾਰੀਆਂ ਤੇ ਡੀ ਸੀ ਨਾਲ ਮੀਟਿੰਗ ਰਹੀ ਬੇਸਿੱਟਾ

■ ਤਹਿਸੀਲਦਾਰ ਦਫਤਰ ਦਾ ਕੀਤਾ ਘਿਰਾਓ

ਤਲਵੰਡੀ ਸਾਬੋ (ਜਗਦੀਪ ਗਿੱਲ)

ਤਲਵੰਡੀ ਸਾਬੋ ਨੇੜੇ ਪਿੰਡ ਲੇਲੇਵਾਲਾ ਵਿਖੇ ਜੀ ਆਈ ਜੀ ਐੱਲ ਗੈਸ ਪਾਈਪ ਲਾਈਨ ਸਬੰਧੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਦੀ ਡਿਪਟੀ ਕਮਿਸ਼ਨਰ ਬਠਿੰਡਾ ਤੇ ਪਾਈਪ ਲਾਈਨ ਦੇ ਅਧਿਕਾਰੀਆਂ ਨਾਲ ਹੋਈ ਮੀਟਿੰਗ ਬੇਸਿੱਟਾ ਰਹੀ। ਇਸ ਤੋਂ ਬਾਅਦ ਲੇਲੇਵਾਲਾ ਗੈਸ ਪਾਈਪ ਲਾਈਨ ਮੋਰਚੇ 'ਤੇ ਇਕੱਠੇ ਹੋਏ ਕਿਸਾਨਾਂ ਵੱਲੋਂ ਤਹਿਸੀਲਦਾਰ ਦਫਤਰ ਦਾ ਘਿਰਾਓ ਕੀਤਾ ਗਿਆ। ਘਿਰਾਓ ਵਿੱਚ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ ਤੇ ਜ਼ਿਲ੍ਹਾ ਕਮੇਟੀ ਮੈਂਬਰ ਜਗਦੇਵ ਸਿੰਘ ਜੋਗੇਵਾਲਾ ਨੇ ਕਿਹਾ ਕਿ ਗੈਸ ਪਾਈਪ ਲਾਈਨ ਦੇ ਮੁਆਵਜ਼ੇ ਸਬੰਧੀ 15 ਮਈ ਨੂੰ ਡਿਪਟੀ ਕਮਿਸਸ਼ਰ ਬਠਿੰਡਾ ਦੀ ਹਾਜ਼ਰੀ ਵਿੱਚ 24 ਲੱਖ ਰੁਪਿਆ ਪ੍ਰਤੀ ਏਕੜ, ਜਿਨ੍ਹਾਂ ਕਿਸਾਨਾਂ ਦੇ ਖੇਤਾਂ ਵਿੱਚੋਂ ਦੀ ਪਾਈਪ ਲਾਈਨ ਪਾਈ ਵੀ ਜਾ ਚੁੱਕੀ ਹੈ, ਸਮੇਤ ਸਾਰੇ ਸੰਬੰਧਤ ਕਿਸਾਨਾਂ ਨੂੰ ਮੁਆਵਜ਼ਾ ਤੇ ਹੋਰ ਮੰਗਾਂ ਸਬੰਧੀ ਸਹਿਮਤੀ ਬਣੀ ਸੀ ਅਤੇ ਉਨਾ ਚਿਰ ਪਿੰਡ ਲੇਲੇਵਾਲਾ ਵਿਖੇ ਗੈਸ ਪਾਈਪ ਲਾਈਨ ਦਾ ਕੰਮ ਨਾ ਚਲਾਉਣ ਦੀ ਵੀ ਸਹਿਮਤੀ ਬਣੀ ਸੀ, ਜਿਸ ਦਾ ਲਿਖਤੀ ਸਮਝੌਤਾ ਵੀ ਹੋਇਆ ਹੈ, ਪਰ ਕੰਪਨੀ ਵੱਲੋਂ ਕਿਸਾਨਾਂ ਨੂੰ ਹਾਲੇ ਤੱਕ ਮੁਆਵਜ਼ਾ ਨਹੀਂ ਦਿੱਤਾ ਗਿਆ। ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਪਿੰਡ ਲੇਲੇਵਾਲਾ ਵਿਖੇ ਇੱਕ ਜ਼ੁਲਾਈ ਤੋਂ ਪੱਕਾ ਮੋਰਚਾ ਲੱਗਿਆ ਹੋਇਆ ਹੈ। ਮੁਆਵਜ਼ਾ ਨਾ ਮਿਲਣ ਦੇ ਰੋਸ ਵਜੋਂ 15 ਦਸੰਬਰ ਨੂੰ ਕਿਸਾਨਾਂ ਨੇ ਪਾਈਪ ਲਾਈਨ ਦੇ ਅਧਿਕਾਰੀਆਂ ਨੂੰ ਪਿੰਡ ਲੇਲੇਆਲਾ ਵਿਖੇ ਘਿਰਾਓ ਕਰ ਲਿਆ ਸੀ, ਜੋ ਕਿ ਕਿਸਾਨਾਂ ਨੂੰ ਧੱਕੇ ਜਾਂ ਲਾਲਚ ਦੇ ਕੇ ਪਾਈਪ ਲਾਈਨ ਦਾ ਕੰਮ ਚਲਾਉਣਾ ਚਾਹੁੰਦੇ ਸਨ, ਜਿਸ ਤੋਂ ਬਾਅਦ ਡੀ ਐੱਸ ਪੀ ਤਲਵੰਡੀ ਸਾਬੋ ਤੇ ਤਹਿਸੀਲਦਾਰ ਤਲਵੰਡੀ ਸਾਬੋ ਨੇ ਕਿਸਾਨਾਂ ਦੀ ਪਾਈਪ ਲਾਈਨ ਦੇ ਅਧਿਕਾਰੀਆਂ ਤੇ ਡਿਪਟੀ ਕਮਿਸ਼ਨਰ ਬਠਿੰਡਾ ਨਾਲ ਮੀਟਿੰਗ ਤੈਅ ਕਰਵਾਈ ਸੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਗੈਸ ਪਾਈਪ ਦੇ ਅਧਿਕਾਰੀ 24 ਲੱਖ ਪ੍ਰਤੀ ਏਕੜ ਦਾ ਮੁਆਵਜ਼ਾ ਦੇਣ ਲਈ ਤਿਆਰ ਨਹੀਂ ਹਨ। ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਜ਼ਮੀਨ ਦਾ ਬਣਦਾ ਮੁਆਵਜ਼ਾ ਨਾ ਮਿਲਣ ਤੱਕ ਗੈਸ ਪਾਈਪ ਲਾਈਨ ਦਾ ਕੰਮ ਨਹੀਂ ਚੱਲਣ ਦਿੱਤਾ ਜਾਵੇਗਾ।

ਇਸ ਤੋਂ ਬਾਅਦ ਤਹਿਸੀਲਦਾਰ ਤਲਵੰਡੀ ਸਾਬੋ ਤੇ ਡੀ ਐੱਸ ਪੀ ਤਲਵੰਡੀ ਸਾਬੋ ਵੱਲੋਂ ਗੈਸ ਪਾਈਪ ਲਾਈਨ ਨਾਲ ਸੰਬੰਧਤ ਕਿਸਾਨਾਂ ਦੀ ਲਿਸਟ ਮੰਗੀ ਗਈ ਤੇ ਡੀ ਸੀ ਬਠਿੰਡਾ ਨਾਲ ਮੀਟਿੰਗ ਦਾ ਭਰੋਸਾ ਦਿੱਤਾ ਗਿਆ ਤੇ ਮਸਲੇ ਦਾ ਹੱਲ ਜਲਦੀ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਤੋਂ ਬਾਅਦ ਇਕ ਵਾਰ ਤਹਿਸੀਲਦਾਰ ਦਫਤਰ ਦਾ ਘਿਰਾਓ ਹਟਾ ਦਿੱਤਾ ਗਿਆ ਤੇ ਧਰਨਾ ਸਮਾਪਤ ਕਰ ਦਿੱਤਾ ਗਿਆ। ਜਥੇਬੰਦੀ ਦੇ ਆਗੂਆਂ ਵੱਲੋਂ ਗੈਸ ਪਾਈਪ ਲਾਈਨ ਮੋਰਚੇ 'ਤੇ ਪਹੁੰਚ ਕੇ ਲਿਸਟਾਂ ਬਣਾਉਣ ਲਈ ਕਿਹਾ।

ਇਸ ਮੌਕੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਸਵੀਰ ਸਿੰਘ ਬੁਰਜ ਸੇਮਾ, ਰਾਜਵਿੰਦਰ ਸਿੰਘ ਰਾਮ ਨਗਰ, ਬਿੰਦਰ ਸਿੰਘ ਜੋਗੇਵਾਲਾ, ਹਰਪ੍ਰੀਤ ਸਿੰਘ ਚੱਠੇਵਾਲਾ, ਕੁਲਵੰਤ ਸ਼ਰਮਾ ਰਾਏ ਕੇ ਕਲਾਂ, ਸਿਕੰਦਰ ਸਿੰਘ ਘੁੰਮਣ, ਗੁਰਜੀਤ ਸਿੰਘ ਬੰਗਹੇਰ, ਕਲਕੱਤਾ ਸਿੰਘ, ਗੁਰਜੀਤ ਸਿੰਘ ਬੰਗਹੇਰ, ਰਣਜੋਧ ਸਿੰਘ ਮਾਹੀ ਨੰਗਲ ਸ਼ਾਮਲ ਸਨ।

ਨਸ਼ਿਆਂ ਖਿਲਾਫ ਜਾਗਰੂਕਤਾ ਮੁਹਿੰਮ ਤਹਿਤ ਉਸਮਾਨ ਖੇੜਾ 'ਚ ਸੈਮੀਨਾਰ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਨਸ਼ਿਆਂ ਦੇ ਪੂਰਨ ਖਾਤਮੇ ਖਿਲਾਫ ਵਿੱਢੀ ਗਈ ਜਾਗਰੂਕਤਾ ਮੁਹਿੰਮ ਤਹਿਤ ਜੈਨ ਨਰਸਿੰਗ ਕਾਲਜ ਉਸਮਾਨ ਖੇੜਾ ਵਿਖੇ ਨਸ਼ਿਆਂ ਖਿਲਾਫ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਹਾਜ਼ਰੀਨ ਨੂੰ ਨਸ਼ੇ ਦੇ ਦੁਰਪ੍ਰਭਾਵਾਂ ਬਾਰੇ ਪ੍ਰੇਰਿਤ ਕਰਦਿਆਂ ਡਾ. ਮਹੇਸ਼ ਮਨੋਰੋਗ ਮਾਹਰ ਨੇ ਕਿਹਾ ਕਿ ਨਸ਼ਿਆਂ ਦੀ ਵਰਤੋਂ ਕਰਨ ਨਾਲ ਵਿਅਕਤੀ ਸਮਾਜ ਦੀ ਮੁੱਖ ਧਾਰਾ ਨਾਲ ਟੁੱਟ ਜਾਂਦਾ ਹੈ। ਉਨ੍ਹਾ ਕਿਹਾ ਕਿ ਇਸ ਦੀ ਚਪੇਟ ਵਿੱਚ ਉਹ ਇਕੱਲਾ ਨਹੀਂ ਆਉਂਦਾ, ਸਗੋਂ ਉਸ ਦਾ ਪਰਿਵਾਰ ਵੀ ਇਸ ਦੀ ਮਾਰ ਹੇਠ ਆਉਂਦਾ ਹੈ। ਉਨ੍ਹਾ ਕਿਹਾ ਕਿ ਨਸ਼ਿਆਂ ਦੀ ਵਰਤੋਂ ਕਰਨ ਨਾਲ ਜਿੱਥੇ ਵਿਅਕਤੀ ਸਰੀਰਕ ਤੌਰ 'ਤੇ ਬਿਮਾਰ ਹੁੰਦਾ ਹੈ, ਉਥੇ ਮਾਨਸਿਕ ਤੌਰ 'ਤੇ ਵੀ ਟੁੱਟ ਜਾਂਦਾ ਹੈ। ਉਨ੍ਹਾ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਨੌਜਵਾਨਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਨਸ਼ਾ ਛੁਡਾਉ ਕੇਂਦਰਾਂ ਵਿਖੇ ਪਹੁੰਚ ਕੇ ਆਪਣਾ ਇਲਾਜ ਕਰਵਾ ਸਕਦੇ ਹਨ ਤੇ ਨਸ਼ੇ ਰੂਪੀ ਕੋਹੜ ਤੋਂ ਛੁਟਕਾਰਾ ਪਾ ਸਕਦੇ ਹਨ ਤੇ ਆਮ ਵਾਂਗ ਆਪਣੀ ਜ਼ਿੰਦਗੀ ਬਤੀਤ ਕਰ ਸਕਦੇ ਹਨ। ਉਨ੍ਹਾ ਕਿਹਾ ਕਿ ਨਸ਼ਾ ਛੁਡਾਉ ਕੇਂਦਰਾਂ ਵਿਖੇ ਸਿਹਤ ਮਾਹਰਾਂ ਵੱਲੋਂ ਬੜੇ ਹੀ ਸਹਿਜੇ ਤਰੀਕੇ ਨਾਲ ਪੀੜਤਾਂ ਦਾ ਇਲਾਜ ਕੀਤਾ ਜਾਂਦਾ ਹੈ। ਉਨ੍ਹਾ ਕਿਹਾ ਕਿ ਪੀੜਤਾਂ ਦੀ ਪਹਿਚਾਣ ਗੁਪਤ ਰੱਖੀ ਜਾਂਦੀ ਹੈ। ਉਨ੍ਹਾ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਹੀ ਨਸ਼ੇ ਦਾ ਮਕੰਮਲ ਤੌਰ 'ਤੇ ਖਾਤਮਾ ਕੀਤਾ ਜਾ ਸਕਦਾ ਹੈ।

ਪੁਲਸ ਪੈਨਸ਼ਨਰਜ਼ ਸਮਾਜ ਵਿਰੋਧੀ ਅਨਸਰਾਂ ਨੂੰ ਠੱਲ੍ਹ ਪਾਉਣ ਲਈ ਵਿਭਾਗ ਦਾ ਸਹਿਯੋਗ ਕਰਨ : ਐੱਸ ਪੀ

■ ਪੁਲਸ ਬਜ਼ੁਰਗ ਦਿਵਸ ਮੌਕੇ ਪੈਨਸ਼ਨਰਾਂ ਦਾ ਸਨਮਾਨ

ਮਾਨਸਾ (ਆਤਮਾ ਸਿੰਘ ਪਮਾਰ)

ਮਾਨਯੋਗ ਡਾਇਰੈਕਟਰ ਜਨਰਲ ਪੁਲਸ ਪੰਜਾਬ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਹੇਠ ਮਾਨਸਾ ਪੁਲਸ ਵੱਲੋਂ ਬੱਚਤ ਭਵਨ ਮਾਨਸਾ ਵਿਖੇ ਪੁਲਸ ਬਜ਼ੁਰਗ ਦਿਵਸ ਬੜੀ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ। ਐੱਸ.ਐੱਸ.ਪੀ. ਡਾ. ਨਾਨਕ ਸਿੰਘ ਦੀ ਰਹਿਨੁਮਾਈ ਹੇਠ ਐੱਸ ਪੀ ਸ੍ਰੀ ਜਸਕੀਰਤ ਸਿੰਘ ਅਹੀਰ ਵੱਲੋਂ ਮੁੱਖ ਮਹਿਮਾਨ ਦੇ ਤੌਰ 'ਤੇ ਸਮਾਗਮ 'ਚ ਸ਼ਿਰਕਤ ਕੀਤੀ ਗਈ, ਜਿੱਥੇ ਪੰਜਾਬ ਪੁਲਸ, ਜੇਲ੍ਹ ਵਿਭਾਗ, ਸੀ.ਆਈ.ਡੀ. ਵਿਭਾਗ ਨਾਲ ਸਬੰਧਤ ਜ਼ਿਲ੍ਹੇ ਭਰ ਦੇ ਪੁਲਸ ਪੈਨਸ਼ਨਰਜ਼ ਵੱਡੀ ਗਿਣਤੀ 'ਚ ਸ਼ਾਮਲ ਹੋਏ। ਐੱਸ ਪੀ ਸ੍ਰੀ ਜਸਕੀਰਤ ਸਿੰਘ ਅਹੀਰ ਨੇ ਸੇਵਾ ਮੁਕਤ ਪੁਲਸ ਅਧਿਕਾਰੀਆਂ/ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਵੱਲੋਂ ਸਮਾਜ ਪ੍ਰਤੀ ਨਿਭਾਈਆ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾ ਕਿਹਾ ਕਿ ਅੱਤਵਾਦ ਸਮੇਂ ਜਾਂ ਫਿਰ ਸਮਾਜ ਵਿਰੋਧੀ ਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਵਿੱਚ ਨਿਭਾਈ ਡਿਊਟੀ ਨਾਲ ਪੁਲਸ ਵਿਭਾਗ ਦਾ ਮਾਣ ਵਧਿਆ ਹੈ। ਤੁਹਾਡੀ ਕਾਬਲੀਅਤ ਤੇ ਤੁਹਾਡੇ ਕੀਤੇ ਕਾਰਜਾਂ ਨੂੰ ਹਮੇਸ਼ਾ ਵਰਤਮਾਨ ਪੁਲਸ ਦੇ ਕੰਮਾਂ ਲਈ ਨਵੀ ਦਿਸ਼ਾਂ ਦੇਣ ਲਈ ਯਾਦ ਕੀਤਾ ਜਾਂਦਾ ਰਹੇਗਾ। ਉਨ੍ਹਾ ਦੱਸਿਆ ਕਿ ਜਿਨ੍ਹਾਂ ਪੈਨਸ਼ਨਰਜ ਨੇ ਹਾਲੇ ਤੱਕ ਸਿਹਤ ਸਹੂਲਤਾਂ ਲਈ ਸਤਿਕਾਰ ਹੈਲਥ ਕਾਰਡ ਨਹੀਂ ਬਣਵਾਇਆ, ਉਨ੍ਹਾਂ ਨੂੰ ਬਣਵਾ ਲੈਣਾ ਚਾਹੀਦਾ ਹੈ। ਉਨ੍ਹਾ ਦੱਸਿਆ ਕਿ ਪਰਕ ਹਸਪਤਾਲ ਵੱਲੋਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਤੇ ਪੈਨਸ਼ਨਰਜ਼ ਦਾ ਇਲਾਜ ਪੀ.ਜ਼ੀ.ਆਈ. ਪੈਟਰਨ 'ਤੇ ਕੀਤਾ ਜਾ ਰਿਹਾ ਹੈ, ਜਿਸ ਦਾ ਲਾਹਾ ਲਿਆ ਜਾਣਾ ਚਾਹੀਦਾ ਹੈ। ਉਨ੍ਹਾ ਵਾਅਦਾ ਕੀਤਾ ਕਿ ਕਿਸੇ ਵੀ ਪੁਲਸ ਪੈਨਸ਼ਨਰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਐਸੋਸੀਏਸ਼ਨ ਵੱਲੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਤੁਰੰਤ ਢੁੱਕਵਾਂ ਫੈਸਲਾ ਲਿਆ ਜਾਵੇਗਾ। ਉਨ੍ਹਾਂ ਜ਼ਿਲ੍ਹੇ ਅੰਦਰ ਸਮਾਜ ਵਿਰੋਧੀ ਅਨਸਰਾਂ, ਨਸ਼ੇ ਦਾ ਧੰਦਾ ਕਰਨ ਵਾਲਿਆਂ ਤੇ ਹੋਰ ਸਮਾਜ ਵਿਰੋਧੀ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਲਈ ਪੈਨਸ਼ਨਰਾਂ ਪਾਸੋਂ ਵਿਭਾਗ ਨੂੰ ਸਹਿਯੋਗ ਦੇਣ ਲਈ ਕਿਹਾ। ਪੁਲਸ ਪੈਨਸ਼ਨਰਜ਼ ਐਸੋਸੀਏਸ਼ਨ ਮਾਨਸਾ ਦੇ ਪ੍ਰਧਾਨ ਗੁਰਚਰਨ ਸਿੰਘ ਮੰਦਰਾਂ (ਰਿਟਾਇਰਡ ਇੰਸਪੈਕਟਰ) ਨੇ ਮੁੱਖ ਮਹਿਮਾਨ ਦਾ ਧੰਨਵਾਦ ਤੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਅਤੇ ਬਜ਼ੁਰਗ ਦਿਵਸ ਦੇ ਪਿਛੋਕੜ ਤੇ ਮਨਾਉਣ ਸਬੰਧੀ ਜਾਣਕਾਰੀ ਦਿੱਤੀ। ਸ੍ਰੀ ਅਮਰਜੀਤ ਸਿੰਘ ਭਾਈਰੂਪਾ (ਰਿਟਾ: ਥਾਣੇਦਾਰ) ਜਨਰਲ ਸਕੱਤਰ ਵੱਲੋਂ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ ਗਈ। ਸ੍ਰੀ ਰਾਮ ਸਿੰਘ ਅੱਕਾਂਵਾਲੀ (ਰਿਟਾ: ਥਾਣੇਦਾਰ) ਸਕੱਤਰ ਐਸੋਸੀਏਸ਼ਨ ਨੇ ਸਾਲ 2023 'ਚ ਵੈੱਲਫੇਅਰ ਦੇ ਹੋਏ ਕੰਮਾਂ ਪ੍ਰਤੀ ਸਮੁੱਚੀ ਰਿਪੋਰਟ ਪੜ੍ਹਦੇ ਹੋਏ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਤੇ ਪੈਨਸ਼ਨਰਾਂ ਨੂੰ ਆਉਣ ਵਾਲੀਆਂ ਦਿੱਕਤਾਂ ਸਬੰਧੀ ਵੀ ਮੁੱਖ ਮਹਿਮਾਨ ਨੂੰ ਜਾਣੂ ਕਰਵਾਇਆ। ਉਪਰੰਤ ਵੱਡੀ ਉਮਰ ਦੇ ਸੀਨੀਅਰ 7 ਬਜ਼ੁਰਗ ਪੁਲਸ ਪੈਨਸ਼ਨਰਾਂ ਨੂੰ ਲੋਈਆਂ ਦੇ ਕੇ ਨਿਵਾਜਿਆ ਗਿਆ। ਪੁਲਸ ਪੈਨਸ਼ਨਰਾਂ ਵੱਲੋਂ ਪੁਲਸ ਵਿਭਾਗ ਵਿੱਚ ਆਪਣੇ ਆਪਣੇ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਗਈਆਂ।

ਕਾਤਰਾਂ

ਅਣਪਛਾਤੇ ਨੌਜਵਾਨ ਦੀ ਲਾਸ਼ ਬਰਾਮਦ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਨੂੰ ਇੱਕ ਨੌਜਵਾਨ ਦੀ ਲਾਸ਼ ਮਿਲੀ, ਜਿਸ ਦੀ ਪਹਿਚਾਣ ਨਾ ਹੋ ਸਕੀ। ਐੱਸ.ਐੱਚ.ਓ. ਮਾਛੀਵਾੜਾ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਕਿਸੇ ਰਾਹਗੀਰ ਨੇ ਉਨ੍ਹਾਂ ਨੂੰ ਸੂਚਨਾ ਦਿੱਤੀ ਕਿ ਪਵਾਤ ਪੁਲ ਤੋਂ ਮਾਛੀਵਾੜਾ ਸਾਹਿਬ ਦੇ ਜੰਗਲੀ ਖੇਤਰ ਵਿੱਚ ਇੱਕ ਨੌਜਵਾਨ ਮ੍ਰਿਤਕ ਹਾਲਤ ਵਿੱਚ ਪਿਆ ਹੈ। ਪੁਲਸ ਵੱਲੋਂ ਮੌਕੇ 'ਤੇ ਜਾ ਕੇ ਦੇਖਿਆ ਗਿਆ ਤਾਂ ਉਸ ਦੇ ਕੱਪੜਿਆਂ ਦੀ ਤਲਾਸ਼ੀ ਦੌਰਾਨ ਕੋਈ ਵੀ ਅਜਿਹਾ ਕਾਗਜ਼ਾਤ ਨਾ ਮਿਲਿਆ, ਜਿਸ ਤੋਂ ਉਸ ਦੀ ਕੋਈ ਪਹਿਚਾਣ ਹੋ ਸਕੇ। ਪੁਲਸ ਅਨੁਸਾਰ ਇਸ ਨੌਜਵਾਨ ਦੀ ਉਮਰ ਕਰੀਬ 25 ਸਾਲ ਹੈ। ਥਾਣਾ ਮੁਖੀ ਨੇ ਦੱਸਿਆ ਕਿ ਫਿਲਹਾਲ ਲਾਸ਼ ਨੂੰ ਪਹਿਚਾਣ ਲਈ ਮੋਰਚਰੀ ਵਿੱਚ ਰਖਵਾ ਦਿੱਤਾ ਹੈ, ਜੇਕਰ ਕਿਸੇ ਕੋਲ ਵੀ ਇਸ ਲਾਪਤਾ ਨੌਜਵਾਨ ਦੀ ਜਾਣਕਾਰੀ ਹੋਵੇ ਤਾਂ ਪੁਲਸ ਨੂੰ ਸੂਚਿਤ ਕਰੇ।

ਸੁਖਵਿੰਦਰ ਪਲਾਹਾ ਨੂੰ ਸਦਮਾ, ਭਰਾ ਦਾ ਦਿਹਾਂਤ

ਧੂਰੀ (ਸੁਖਦੇਵ ਧੂਰੀ)-ਡੀ ਡੀ ਐੱਸ ਨਿਊਜ਼ ਦੇ ਸੰਪਾਦਕ ਤੇ ਜਰਨਲਿਜ਼ਮ ਐਸੋਸੀਏਸ਼ਨ ਧੂਰੀ ਦੇ ਖਜ਼ਾਨਚੀ ਅਤੇ ਸੀਨੀਅਰ ਪੱਤਰਕਾਰ ਸੁਖਵਿੰਦਰ ਸਿੰਘ ਪਲਾਹਾ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਵੱਡੇ ਭਰਾ ਮਨਜੀਤ ਸਿੰਘ ਮੀਤਾ ਦਾ ਅਚਾਨਕ ਦੇਹਾਂਤ ਹੋ ਗਿਆ। ਇਸ ਦੁੱਖ ਦੀ ਘੜੀ ਵਿੱਚ ਪੱਤਰਕਾਰ ਸੁਖਵਿੰਦਰ ਸਿੰਘ ਪਲਾਹਾ ਨਾਲ ਡਾ. ਗੁਰਪ੍ਰੀਤ ਕੌਰ ਮਾਨ ਧਰਮ ਪਤਨੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪ੍ਰੋ. ਓਂਕਾਰ ਸਿੰਘ ਸਿੱਧੂ ਓ.ਐੱਸ.ਡੀ. ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਅਮ੍ਰਿਤ ਬਰਾੜ ਇੰਚਾਰਜ ਮੁੱਖ ਮੰਤਰੀ ਕੈਂਪਸ, ਪ੍ਰੀਤ ਗਰੁੱਪ ਦੇ ਐੱਮ. ਡੀ. ਹਰੀ ਸਿੰਘ ਪ੍ਰੀਤ, ਪੰਜਾਬ ਬਖਫ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਆਮ ਆਦਮੀ ਪਾਰਟੀ ਦੀ ਸੀਨੀਅਰ ਆਗੂ ਜਸਵੀਰ ਸਿੰਘ ਜੱਸੀ ਸੋਖੋਂ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਤਿੰਦਰ ਸਿੰਘ ਚੱਠਾ, ਕਾਂਗਰਸੀ ਆਗੂ ਗੁਰਬਖਸ਼ ਸਿੰਘ ਗੁੱਡੂ, ਜਨਰਲਿਜ਼ਮ ਐਸੋਸੀਏਸ਼ਨ ਦੇ ਪ੍ਰਧਾਨ ਲਖਵੀਰ ਸਿੰਘ ਧਾਂਦਰਾ, ਓਂਕਾਰ ਇੰਡਸਟਰੀਜ਼ ਦੇ ਐੱਮ. ਡੀ. ਹਰਦੀਪ ਸਿੰਘ ਨੰਨੜੇ, ਪਰਮ ਐਗਰੋ ਦੇ ਐੱਮ. ਡੀ. ਤੇਜਿੰਦਰ ਸਿੰਘ ਨੰਨੜੇ, ਬੀ.ਜੇ.ਪੀ. ਦੇ ਬਲਾਕ ਪ੍ਰਧਾਨ ਕ੍ਰਿਸ਼ਨ ਗੋਪਾਲ ਨੀਲੂ ਮਿੱਤਲ, ਸਟੈੱਪ ਆਨ ਸੁਸਾਇਟੀ ਦੇ ਆਗੂ ਰੋਮੀ ਢੰਡ, ਗੁਰਦਿਆਲ ਨਿਰਮਾਣ, ਪੈਨਸ਼ਨ ਯੂਨੀਅਨ ਦੇ ਪ੍ਰਧਾਨ ਸੁਖਦੇਵ ਸ਼ਰਮਾ, ਕੁਲਵੀਰ ਸਿੰਘ ਨੰਨੜੇ, ਸਰਪੰਚ ਮਿੱਠੂ ਲੱਡਾ ਤੇ ਹੋਰ ਵੱਖ ਵੱਖ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

ਕੰਨਿਆ ਸਨਮਾਨ ਸਮਾਰੋਹ 24 ਨੂੰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਇਕ ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੇ ਸਵਾਗਤ ਲਈ "ਕੰਨਿਆ ਸਨਮਾਨ ਸਮਾਰੋਹ" ਆਉਂਦੀ 24 ਦਸੰਬਰ ਨੂੰ ਕੀਤਾ ਜਾਵੇਗਾ।ਇਸ ਸਬੰਧੀ ਸਮਾਰੋਹ ਸਥਾਨਕ ਰੇਲਵੇ ਰੋਡ ਸਥਿਤ ਪਵਨ ਹੋਟਲ ਐਂਡ ਸਵੀਟ ਸ਼ਾਪ ਵਿਖੇ ਸਵੇਰੇ 11:00 ਵਜੇ ਹੋਵੇਗਾ।ਮਿਸ਼ਨ ਮੁਖੀ ਜਗਦੀਸ਼ ਰਾਏ ਢੋਸੀਵਾਲ ਦੀ ਸਰਪ੍ਰਸਤੀ ਹੇਠ ਹੋਣ ਵਾਲੇ ਇਸ ਸਮਾਰੋਹ ਦੀ ਪ੍ਰਧਾਨਗੀ ਫਿਲਮ ਸਿਟੀ ਵਿਖੇ ਹੋਈ ਆਲ ਇੰਡੀਆ ਲੈਵਲ ਦੀ ਪ੍ਰਤੀਯੋਗਤਾ ਵਿੱਚ ਬੈਸਟ ਸਮਾਇਲੀ ਦਾ ਖਿਤਾਬ ਜਿੱਤਣ ਵਾਲੀ ਮਿਸ ਨਾਮਿਆ ਵੱਲੋਂ ਕੀਤੀ ਜਾਵੇਗੀ, ਜਦਕਿ ਡਾ. ਅਵਨੀਤ ਕੌਰ ਐੱਮ. ਡੀ. (ਪੀਡੀਆਰਟਿਕਸ) ਸਮਾਰੋਹ ਦੇ ਮੁੱਖ ਮਹਿਮਾਨ ਹੋਣਗੇ

20-Dec-PAGE-11.qxd 12/19/2023 10:41 PM Page 1

2 ਦੀ ਰੈਲੀ ਦੀਆਂ ਤਿਆਰੀਆਂ ਸੰਬੰਧੀ 9 ਪਿੰਡਾਂ 'ਚ ਕੀਤੀਆਂ ਵਿਸ਼ਾਲ ਮੀਟਿੰਗਾਂ

ਝਬਾਲ (ਹਰਜਿੰਦਰ ਸਿੰਘ ਸੋਨੀ)– ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਵਲੋਂ ਜ਼ੋਨ ਦੇ 9 ਪਿੰਡਾਂ ਵਿੱਚ ਵਿਸ਼ਾਲ ਮੀਟਿੰਗ ਕਰਕੇ ਉੱਤਰੀ ਭਾਰਤ ਦੀਆ 18 ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚਾ(ਗੈਰ ਰਾਜਨੀਤਿਕ) ਵੱਲੋਂ 02 ਜਨਵਰੀ(ਜੰਡਿਆਲਾ ਗੁਰੂ) ਰੈਲੀ ਦੀ ਤਿਆਰੀ ਕਰਵਾਈ ਗਈ। ਇਸ ਮੌਕੇ ਸੂਬਾ ਆਗੂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਜ਼ਿਲ੍ਹਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਜ਼ੋਨ ਮੀਤ ਪ੍ਰਧਾਨ ਅੰਗਰੇਜ਼ ਸਿੰਘ ਦੋਬੁਰਜੀ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਕਿਹਾ ਕਿ ਜਿਸ ਤਰ੍ਹਾਂ ਦੇਸ਼ ਦੀ ਭਾਜਪਾ ਸਰਕਾਰ ਬਾਕੀ ਸੈਕਟਰਾਂ ਵਾਂਗ ਖੇਤੀ ਸੈਕਟਰ ਤੇ ਕਾਰਪੋਰੇਟ ਦਾ ਕਬਜ਼ਾ ਕਰਵਾਉਣ ਵਿਚ ਲੱਗੀ ਹੋਈ ਹੈ। ਉਸਨੂੰ ਰੋਕਣ ਅਤੇ ਆਪਣੇ ਹੱਕਾ ਦੀ ਪ੍ਰਾਪਤੀ ਲਈ ਅੱਜ ਜਥੇਬੰਦਕ ਸੰਘਰਸ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਦੋਨਾਂ ਫੋਰਮਾਂ ਵੱਲੋਂ ਦਿੱਲੀ ਮੋਰਚੇ ਦੀਆਂ ਲਟਕ ਰਹੀਆਂ ਕਿਸਾਨਾਂ, ਮਜ਼ਦੂਰਾਂ, ਸੰਬੰਧੀ ਮੰਗਾਂ ਜਿਵੇਂ ਸਾਰੀਆਂ ਫਸਲਾਂ ਦੀ ਖਰੀਦ ਤੇ ਐੱਮਐੱਸਪੀ ਗਾਰੰਟੀ ਕਾਨੂੰਨ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਫਸਲਾਂ ਦੇ ਭਾਅ ਸੀ 2+50% ਅਨੁਸਾਰ ਦਿੱਤੇ ਜਾਣ, ਬਿਜਲੀ ਬਿੱਲ 2020 ਨੂੰ ਪੂਰੀ ਤਰ੍ਹਾਂ ਰੱਦ ਕਰਨ, ਕਿਸਾਨ, ਮਜ਼ਦੂਰ ਦੀ ਪੂਰਨ ਕਰਜ਼ਾ ਮੁਕਤੀ, ਲਖੀਮਪੁਰ ਖੀਰੀ ਕਤਲਕਾਂਡ ਦਾ ਇਨਸਾਫ, ਦਿੱਲੀ ਮੋਰਚੇ ਦੌਰਾਨ ਪਏ ਪੁਲਸ ਕੇਸ ਰੱਦ ਕਰਨ ਹੋਰ ਅਹਿਮ ਮੁੱਦਿਆਂ ਤੇ ਸਰਕਾਰ ਨਾਲ ਸੰਘਰਸ਼ ਕਰਨੇ ਪੈਣਗੇ,ਜਿਸ ਵਿਚ ਦੇਸ਼ ਦੀ ਅੱਧੀ ਆਬਾਦੀ ਯਾਨੀ ਕਿ ਔਰਤ ਵਰਗ ਦੀ ਸ਼ਮੂਲੀਅਤ ਅਤਿ ਜ਼ਰੂਰੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕੋਈ ਵੀ ਸੰਘਰਸ਼ ਔਰਤ ਦੇ ਸਹਿਯੋਗ ਤੋਂ ਬਿਨਾਂ ਨਹੀਂ ਜਿੱਤਿਆ ਜਾ ਸਕਦਾ, ਸੋ ਜਥੇਬੰਦੀ ਵੱਲੋਂ ਅਪੀਲ ਹੈ ਕਿ ਮੀਟਿੰਗ ਵਿੱਚ ਮੌਜੂਦ ਸਭ ਬੀਬੀਆਂ ਵੱਲੋਂ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਆਉਂਦੇ ਸੰਘਰਸ਼ ਸਬੰਧੀ ਪ੍ਰੋਗਰਾਮਾਂ ਬਾਰੇ ਪ੍ਰਚਾਰ ਕੀਤਾ ਜਾਵੇ ਅਤੇ ਮਜ਼ਬੂਤੀ ਨਾਲ ਸੰਘਰਸ਼ ਲੜਨ ਲਈ ਪਿੰਡ ਪੱਧਰ ਤੇ ਵੱਡੇ ਫੰਡ ਇਕੱਤਰ ਕਰਨ ਲਈ ਔਰਤਾਂ ਜਥੇਬੰਦਕ ਸਾਥੀਆਂ ਦਾ ਪਿੰਡ ਪੱਧਰ ਤੇ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇਣ, ਫੰਡ ਵੱਧ ਤੋਂ ਵੱਧ ਜਮਾ ਕੀਤੇ ਜਾਣ ਜਿਸ ਨਾਲ ਆਉਣ ਵਾਲੇ ਸੰਘਰਸ਼ ਵਿੱਚ ਆਉਣ ਜਾਣ ਵੇਲੇ ਕਿਸੇ ਕਿਸਮ ਦੀ ਪਰੇਸ਼ਾਨੀ ਨਾ ਹੋਵੇ। ਇਸ ਮੌਕੇ ਅਣਗਿਣਤ ਕਿਸਾਨਾਂ, ਮਜ਼ਦੂਰਾਂ ਨੇ ਹਾਜ਼ਰੀ ਭਰੀ।

ਅਡੋਲਸੈਂਸ ਐਜੂਕੇਸ਼ਨ ਪ੍ਰੋਗਰਾਮ ਤਹਿਤ ਅਧਿਆਪਕਾਂ ਦੀ ਹੋਈ ਇਕ ਰੋਜ਼ਾ ਟ੍ਰੇਨਿੰਗ ਮੀਟਿੰਗ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)–ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ ਅਨੁਸਾਰ 'ਅਡੋਲਸੈਂਸ ਐਜੂਕੇਸ਼ਨ ਪ੍ਰੋਗਰਾਮ' ਲਾਗੂ ਕਰਨ ਲਈ ਜ਼ਿਲ੍ਹੇ ਵਿੱਚ ਕਿਸ਼ੋਰ ਅਵਸਥਾ ਸੰਬੰਧੀ ਇੱਕ ਰੋਜ਼ਾ ਐਡਵੋਕੇਸੀ ਮੀਟਿੰਗਾਂ ਪੂਰੇ ਜ਼ਿਲ੍ਹੇ ਅੰਦਰ ਲਗਾਈਆਂ ਗਈਆਂ ਜਿਸ ਤਹਿਤ ਬਲਾਕ ਕਾਦੀਆਂ -1 ਦੀ ਵਰਕਸ਼ਾਪ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਲਗਾਈ ਗਈ, ਜਿਸ ਦਾ ਸੰਚਾਲਨ ਸਕੂਲ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਦੀ ਦੇਖ-ਰੇਖ ਅਨੁਸਾਰ ਚਲਾਇਆ ਗਿਆ। ਇਹ ਅਡੋਲਸੈਂਸ ਐਜੂਕੇਸ਼ਨ ਪ੍ਰੋਗਰਾਮ ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਅਧੀਨ ਸਾਲ 2005 ਤੋਂ ਬਾਅਦ ਪੰਜਾਬ ਰਾਜ ਦੇ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਚਲਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਅਡੋਲਸੈਂਸ ਉਮਰ ਵਿੱਚ ਬੱਚਿਆਂ ਨੂੰ ਵਿਵਹਾਰ ਸੰਬੰਧੀ ਆਉਂਦੀਆਂ ਮੁਸ਼ਕਲਾਂ, ਇਨ੍ਹਾਂ ਮੁਸ਼ਕਲਾਂ ਨਾਲ਼ ਨਜਿੱਠਣਾ, ਮੁਕਾਬਲਾ ਕਰਨ ਅਤੇ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਠੀਕ ਰੱਖਣ ਸੰਬੰਧੀ ਜਾਗਰੂਕ ਕਰਨਾ ਹੈ। ਸੈਮੀਨਾਰ ਦਾ ਸੰਚਾਲਨ ਰਾਕੇਸ਼ ਕੁਮਾਰ ਬੀ. ਐੱਮ. ਅੰਗ੍ਰੇਜ਼ੀ ਅਤੇ ਬਲਜੀਤ ਸਿੰਘ ਬੀ. ਐੱਮ. ਮੈਥ ਦੁਆਰਾ ਕੀਤਾ ਗਿਆ। ਸੈਮੀਨਾਰ ਰਕੇਸ਼ ਕੁਮਾਰ ਬੀ. ਐੱਮ. ਦੁਆਰਾ ਕਿਸ਼ੋਰ ਸਿੱਖਿਆ ਬਾਰੇ ਜਾਣਕਾਰੀ ਦੇਣ ਨਾਲ ਸ਼ੁਰੂ ਹੋਇਆ ਜੋ ਕਿ ਬਹੁਤ ਮਹੱਤਵਪੂਰਨ ਸੀ। ਇਸ ਤੋਂ ਬਾਅਦ ਪ੍ਰਿੰ. ਡਾ. ਸੁਨੀਤਾ ਕੌਸ਼ਲ ਅਤੇ ਬੀ. ਐੱਨ. ੳ, ਕਾਦੀਆਂ -1 ਦੁਆਰਾ ਕਿਸ਼ੋਰ ਸਿੱਖਿਆ ਸਬੰਧੀ ਅਤੇ ਕਿਸ਼ੋਰ ਅਵਸਥਾ ਦੌਰਾਨ ਬੱਚੇ ਦਾ ਨਸ਼ੇ ਵੱਲ ਚਲੇ ਜਾਣ ਸਬੰਧੀ ਚਰਚਾ ਕੀਤੀ। ਉਨ੍ਹਾਂ ਨੂੰ ਨਸ਼ੇ ਤੋਂ ਰੋਕਣ ਲਈ ਚੰਗੀ ਸਿੱਖਿਆ ਦੇਣ ਲਈ ਅਧਿਆਪਕਾਂ ਤੇ ਮਾਪਿਆਂ ਦੇ ਅਹਿਮ ਰੋਲ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਸਮੂਹ ਬਲਾਕ ਕਾਦੀਆਂ ਦੇ ਮੁਖੀ ਅਤੇ ਇੰਚਾਰਜ ਅਧਿਆਪਕ ਹਾਜ਼ਰ ਸਨ।

ਸਰਕਾਰ ਮਾਈਕਰੋ ਫਾਇਨਾਂਸ ਕੰਪਨੀਆਂ ਦੀ ਧੱਕੇਸ਼ਾਹੀ ਨੂੰ ਨਕੇਲ ਪਾਵੇ : ਬਖਤਪੁਰਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)–ਸੀ. ਪੀ. ਆਈ. ਐੱਮਐੱਲ. ਲਿਬਰੇਸ਼ਨ ਅਤੇ ਮਜ਼ਦੂਰ ਮੁਕਤੀ ਮੋਰਚਾ ਵੱਲੋਂ ਮਾਈਕਰੋ ਫਾਇਨਾਂਸ ਕੰਪਨੀਆਂ ਦੀ ਕੀਤੀ ਜਾ ਰਹੀ ਧੱਕੇਸ਼ਾਹੀ ਦੇ ਵਿਰੁੱਧ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫ਼ਤਰ ਮੂਹਰੇ ਰੈਲੀ ਕੀਤੀ ਗਈ, ਜਿਸ ਨੂੰ ਵੱਖ-ਵੱਖ ਮਜ਼ਦੂਰ ਆਗੂਆਂ ਨੇ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਮੀਤ ਪ੍ਰਧਾਨ ਨਿਰਮਲ ਸਿੰਘ ਛੱਜਲਵੱਡੀ, ਮੰਗਲ ਸਿੰਘ ਧਰਮਕੋਟ, ਪੰਜਾਬ ਕਿਸਾਨ ਯੂਨੀਅਨ ਦੇ ਆਗੂ ਬਲਬੀਰ ਸਿੰਘ ਝਾਮਕਾ, ਸ਼ਮਸ਼ੇਰ ਹੇਰ, ਬਲਬੀਰ ਸਿੰਘ ਮੂਧਲ, ਦਲਬੀਰ ਭੋਲਾ ਮਲਕਵਾਲ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਅਤੇ ਮਾਨ ਸਰਕਾਰ ਨਿੱਜੀ ਵਿੱਤੀ ਕੰਪਨੀਆਂ ਦੇ ਗਰੀਬਾਂ ਸਿਰ ਚੜ੍ਹੇ ਕਰਜ਼ੇ ਨੂੰ ਆਪਣੇ ਜ਼ਿੰਮੇਂ ਲਵੇ, ਕਰਜ਼ਾ ਧਾਰਕਾਂ ਤੋਂ ਕੰਪਨੀਆਂ ਦੁਆਰਾ ਕਰਜ਼ਾਧਾਰੀਆਂ ਤੋਂ ਕੋਰੇ ਕਾਗਜ਼ਾਂ 'ਤੇ ਲਏ ਗਏ ਦਸਤਖ਼ਤ, ਕੋਰੇ ਚੈੱਕ ਅਤੇ ਕੋਰੇ ਅਸ਼ਟਾਮ ਲੈਣ ਸਬੰਧੀ ਸਰਕਾਰ ਧੋਖਾਧੜੀ ਦੇ ਮਾਮਲੇ ਦਰਜ ਕਰੇ, ਕੰਪਨੀਆਂ ਦੇ ਕਰਿੰਦੇ ਕਰਜ਼ਾਧਾਰਕਾਂ ਨੂੰ ਘਰਾਂ ਵਿੱਚ ਜਾ ਕੇ ਦਿਮਾਗੀ ਪ੍ਰੇਸ਼ਾਨ ਕਰਨਾ ਬੰਦ ਕਰਨ। ਜੇਕਰ ਕੰਪਨੀਆਂ ਦੇ ਦਿਮਾਗੀ ਤਸ਼ੱਦਦ ਕਰਨ ਕਾਰਣ ਕਿਸੇ ਕਰਜ਼ਾਧਾਰਕ ਨੇ ਆਤਮ ਹੱਤਿਆ ਕੀਤੀ ਤਾਂ ਸਬੰਧਤ ਕੰਪਨੀ ਦੇ ਅਧਿਕਾਰੀਆਂ ਵਿਰੁੱਧ ਕਤਲ ਦਾ ਕੇਸ ਦਰਜ ਕਰਵਾਇਆ ਜਾਵੇਗਾ। ਆਗੂਆਂ ਸਰਕਾਰਾਂ ਉਪਰ ਦੋਸ਼ ਲਾਏ ਕਿ ਸਰਕਾਰਾਂ ਹੀ ਗਰੀਬਾਂ ਸਿਰ ਚੜ੍ਹੇ ਕਰਜ਼ੇ ਦੀਆਂ ਦੋਸ਼ੀ ਹਨ ਕਿਉਂਕਿ ਇਨ੍ਹਾਂ ਸਰਕਾਰਾਂ ਨੇ ਦਹਾਕਿਆਂ ਦੇ ਆਪਣੀਆਂ ਸਰਕਾਰਾਂ ਦਰਮਿਆਨ ਗਰੀਬਾਂ ਦੇ ਰੋਜ਼ਗਾਰ ਲਈ ਕੋਈ ਪ੍ਰਬੰਧ ਨਹੀਂ ਕੀਤੇ ਜਿਸ ਕਾਰਨ ਗਰੀਬ ਪਰਿਵਾਰ ਨੇ ਆਪਣੀਆਂ ਘਰੇਲੂ ਲੋੜਾਂ ਦੀ ਪੂਰਤੀ ਲਈ ਕਰਜ਼ਾ ਜਾਲ਼ ਦਾ ਰਸਤਾ ਅਖਤਿਆਰ ਕੀਤਾ, ਸਰਕਾਰ ਪਿੰਡਾਂ ਦੇ ਮਜ਼ਦੂਰਾਂ ਲਈ ਇਕੋਂ ਇਕ ਮਨਰੇਗਾ ਰੋਜ਼ਗਾਰ ਨੂੰ ਵੀ ਲਾਗੂ ਨਹੀਂ ਕਰਵਾ ਰਹੀ ਨਤੀਜੇ ਵਜੋਂ ਪੰਜਾਬ ਦੀ ਗਰੀਬਾਂ ਦੀ ਅੱਧੀ ਆਬਾਦੀ ਭੁੱਖਮਰੀ ਦਾ ਸ਼ਿਕਾਰ ਬਣ ਚੁੱਕੀ ਹੈ। ਬੁਲਾਰਿਆਂ ਹਾਕਮ ਵੀ ਪਾਰਟੀਆਂ ਉਪਰ ਕੰਪਨੀਆਂ ਦੇ ਕਰਜ਼ਾਧਾਰਕਾ ਦੇ ਸੁਆਲ ਉਪਰ ਚੁਪੀ ਧਾਰੀ ਰੱਖਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਹਾਕਮ ਪਾਰਟੀਆਂ ਵਿੱਤੀ ਕੰਪਨੀਆਂ ਨਾਲ ਮਿਲੀਆਂ ਹੋਈਆਂ ਹਨ। ਬੁਲਾਰਿਆਂ ਸੰਘਰਸ਼ ਹੋਰ ਤਿੱਖਾ ਕਰਨ ਦੀ ਚਿਤਾਵਨੀ ਦਿੰਦਿਆਂ ਕਿਹਾ ਕਿ 5 ਜਨਵਰੀ ਨੂੰ ਗਾਂਧੀ ਪਾਰਕ ਤਰਨਤਾਰਨ ਵਿਖੇ ਅਤੇ ਮਾਝਾ ਜ਼ੋਨ ਪੱਧਰੀ ਰੈਲੀ ਦਾਣਾ ਮੰਡੀ ਬਟਾਲਾ ਵਿਖੇ ਕੀਤੀ ਜਾਵੇਗੀ। ਇਸ ਸਮੇਂ ਬਲਜੀਤ ਕੌਰ ਚੈਨਪੁਰ, ਗੁਰਪਿੰਦਰ ਕੌਰ ਨਵਾਂ ਪਿੰਡ, ਮਦਨਜੀਤ ਕਾਦਰਾਬਾਦ, ਬਲਵਿੰਦਰ ਸਿੰਘ ਮਦੂਸਾਗਰ, ਕੁਲਦੀਪ ਰਾਜੂ ਕਰਨੈਲ ਸਿੰਘ ਭਿੰਡੀਆਂ ਹਾਜ਼ਰ ਸਨ। ਮਜ਼ਦੂਰਾਂ ਦੇ ਮੁੱਖ ਮੰਤਰੀ ਦੇ ਮੰਗ ਪੱਤਰ ਡੀਆਰਓ ਤਪਿਨ ਭਨੋਟ ਨੂੰ ਦਿੱਤਾ ਗਿਆ।

ਨੈਸ਼ਨਲ ਐਵਾਰਡ ਜੇਤੂ ਪ੍ਰਿੰ. ਕਿਰਨ ਕੇਸਰ ਦੇ ਸਕੂਲ ਪੁੱਜਣ 'ਤੇ ਜ਼ਸਨ ਮਨਾਏ

ਧਾਰੀਵਾਲ (ਮਨਦੀਪ ਸਿੰਘ ਵਿੱਕੀ)–ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਦੇ ਪ੍ਰਿੰ, ਕਿਰਨ ਕੇਸਰ ਨੂੰ (ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸਨ ਆਫ ਪੰਜਾਬ) ਨੈਸ਼ਨਲ ਐਵਾਰਡ 2023 ਦੌਰਾਨ ਪ੍ਰੈਸਟੀਜੀਅਸ ਪ੍ਰਿੰਸੀਪਲ ਐਵਾਰਡ (ਨਿਊਕਲੀਅਸ ਗਰੁੱਪ) ਨਾਲ ਸਨਮਾਨਿਤ ਕੀਤਾ ਗਿਆ। ਸਨਮਾਨ ਪ੍ਰਾਪਤ ਕਰਨ ਤੋਂ ਬਾਅਦ ਸਕੂਲ ਵਿੱਚ ਵਾਪਸ ਪੁੱਜਣ 'ਤੇ ਨਿੱਘਾ ਸਵਾਗਤ ਕਰਦਿਆਂ ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਤੇ ਮੈਡਮ ਪਰਮਜੀਤ ਕੌਰ ਚਾਹਲ, ਸਮੂਹ ਸਟਾਫ, ਵਿਦਿਆਰਥੀਆਂ ਨੇ ਜ਼ਸਨ ਮਨਾਏ। ਇਸ ਮੌਕੇ ਵਿਦਿਆਰਥੀਆਂ ਦੇ ਮਾਤਾ ਪਿਤਾ ਵੀ ਸ਼ਾਮਿਲ ਹੋਏ। ਉਨ੍ਹਾਂ ਨੇ ਪ੍ਰਿੰਸੀਪਲ ਕਿਰਨ ਕੇਸਰ ਨੂੰ ਫੁੱਲਾਂ ਦੇ ਗੁਲ਼ਦਸਤੇ ਭੇਟ ਕੀਤੇ ਅਤੇ ਵਧਾਈ ਦਿੰਦਿਆਂ ਪ੍ਰਿੰਸੀਪਲ ਦੇ ਕੰਮ ਦੀ ਪ੍ਰਸੰਸਾ ਕੀਤੀ। ਉਨ੍ਹਾਂ ਕਿਹਾ ਕਿ ਪ੍ਰਿੰਸੀਪਲ ਕਿਰਨ ਕੇਸਰ ਵਿਦਿਆਰਥੀਆਂ ਦਾ ਬਹੁਤ ਹੀ ਵਧੀਆ ਮਾਰਗਦਰਸ਼ਨ ਕਰ ਰਹੇ ਹਨ ਅਤੇ ਉਹ ਵਿਦਿਆਰਥੀਆਂ ਦੇ ਸਕਾਰਾਤਮਕ ਵਿਕਾਸ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ।

ਉਨ੍ਹਾਂ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਾਡੇ ਬੱਚੇ ਇਸ ਸਕੂਲ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ। ਪਰਮਾਤਮਾ ਉਨ੍ਹਾਂ ਨੂੰ ਦਿਨ ਦੁੱਗਣੀ ਅਤੇ ਰਾਤ ਚੌਗਣੀ ਤਰੱਕੀ ਬਖਸ਼ੇ। ਵਿਦਿਆਰਥੀਆਂ ਦੇ ਮਾਤਾ ਪਿਤਾ ਵੱਲੋਂ ਪ੍ਰਿੰਸੀਪਲ ਕਿਰਨ ਕੇਸਰ ਨੂੰ ਸਨਮਾਨ ਵਜੋਂ ਪੰਜਾਬੀ ਸੱਭਿਆਚਾਰ ਦਾ ਚਿੰਨ੍ਹ ਫੁਲਕਾਰੀ ਭੇਟ ਕੀਤੀ ਗਈ। ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਦੁਆਰਾ ਇਸ ਖੁਸ਼ੀ ਦੇ ਮੌਕੇ ਪ੍ਰਿੰਸੀਪਲ ਕੇਸਰ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਾਡੇ ਲਈ ਬਹੁਤ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਕਿਰਨ ਕੇਸਰ ਵਰਗੀ ਮਿਹਨਤੀ ਸਖਸ਼ੀਅਤ ਸਾਡੇ ਸਕੂਲ ਦੇ ਪ੍ਰਿੰਸੀਪਲ ਹਨ। ਅੰਤ ਵਿੱਚ ਪ੍ਰਿੰ. ਕਿਰਨ ਕੇਸਰ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਪੁਰਸਕਾਰ ਉਨ੍ਹਾਂ ਨੂੰ ਸਮੂਹ ਸਟਾਫ ਅਤੇ ਵਿਦਿਆਰਥੀਆਂ ਦੇ ਸਾਥ ਕਾਰਨ ਹੀ ਪ੍ਰਾਪਤ ਹੋਇਆ ਹੈ। ਉਹ ਇਸ ਲਈ ਸਭ ਦਾ ਧੰਨਵਾਦ ਕਰਦੇ ਹਨ ਅਤੇ ਇਸ ਸਕੂਲ ਨੂੰ ਸਿਖਰਾਂ ਤੱਕ ਪਹੁੰਚਾਉਣ ਲਈ ਵਚਨਬੱਧ ਹਨ।

ਜ਼ਿਲ੍ਹਾ ਐਥਲੈਟਿਕਸ ਐਸੋਸੀਏਸ਼ਨ ਤਰਨਤਾਰਨ ਨੇ ਖੇਡ ਮੁਕਾਬਲੇ ਕਰਵਾਏ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)–ਜ਼ਿਲ੍ਹਾ ਐਥਲੇਟਿਕਸ ਐਸੋਸੀਏਸ਼ਨ ਤਰਨ ਤਾਰਨ ਵੱਲੋਂ ਖੇਡ ਸਟੇਡੀਅਮ ਪੱਟੀ ਵਿਖੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਐਥਲੈਟਿਕਸ ਦੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਦੀ ਸ਼ੁਰੂਆਤ ਦਿਲਬਾਗ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਹਰੀਕੇ ਨੇ ਕਰਵਾਈ। ਇਸ ਮੌਕੇ ਚੇਅਰਮੈਨ ਦਿਲਬਾਗ ਸਿੰਘ ਨੇ ਦੱਸਿਆ ਕਿ ਨੌਜਵਾਨਾਂ ਨੂੰ ਖੇਡ ਮੁਕਾਬਲਿਆ ਵਿਚ ਹਿੱਸਾ ਜ਼ਰੂਰ ਲੈਣਾ ਚਾਹੀਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਪ੍ਰੇਰਣਾ ਦਿੱਤੀ ਕਿ ਜੇਕਰ ਜ਼ਿੰਦਗੀ ਵਿਚ ਕਾਮਯਾਬ ਹੋਣਾ ਹੈ ਤਾਂ ਖੇਡਾਂ ਨਾਲ ਜੁੜਨਾ ਪਵੇਗਾ। ਉਨ੍ਹਾਂ ਕਿਹਾ ਕਿ ਲਾਲਜੀਤ ਸਿੰਘ ਭੁੱਲਰ ਦੀ ਪ੍ਰੇਰਣਾ ਸਦਕਾ ਤਰਨ ਤਾਰਨ ਜ਼ਿਲ੍ਹੇ ਵਿਚ ਨੌਜਵਾਨਾਂ ਨੂੰ ਨਸ਼ਿਆਂ ਆਦਿ ਤੋਂ ਬਚਾਉਣ ਲਈ ਵੱਖ-ਵੱਖ ਤਰ੍ਹਾਂ ਦੇ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ। ਮੁਕਾਬਲਿਆ ਵਿਚ 300 ਦੇ ਕਰੀਬ ਐਥਲੀਟਾਂ ਨੇ ਹਿੱਸਾ ਲਿਆ। 100 ਮੀਟਰ ਲੜਕੇ ਅੰਡਰ 20 ਪਹਿਲਾ ਸਥਾਨ ਹੁਸਨਪ੍ਰੀਤ ਸਿੰਘ, ਦੂਸਰਾ ਸਥਾਨ ਦਿਲਪ੍ਰੀਤ ਸਿੰਘ, ਤੀਸਰਾ ਪਵਨਦੀਪ ਸਿੰਘ, 80 ਮੀਟਰ ਵਿਚ ਪਹਿਲਾ ਸਥਾਨ ਗੁਰਪ੍ਰੀਤ ਸਿੰਘ, ਦੂਸਰਾ ਗੁਰਸੇਵਕ ਸਿੰਘ, ਤੀਸਰਾ ਦਿਲਪ੍ਰੀਤ ਸਿੰਘ, 60 ਮੀਟਰ ਪਹਿਲਾ ਆਰੀਅਨਦੀਪ ਸਿੰਘ, ਦੂਸਰਾ ਸੂਰਜ ਪਾਲ ਸਿੰਘ, ਤੀਸਰਾ ਸਹਿਜਦੀਪ ਸਿੰਘ, ਅੰਡਰ 16, 80 ਮੀਟਰ ਲੜਕੀਆਂ ਪਹਿਲਾ ਤਮੰਨਾ ਪੁਰੀ, ਦੂਸਰਾ ਹਰਪ੍ਰੀਤ ਕੌਰ, ਤੀਸਰਾ ਸੋਨੀਅਰ ਕੌਰ, ਜੈਵਲਿਨ ਥ੍ਰੋ ਪਹਿਲਾ ਹਰਮਨਦੀਪ ਸਿੰਘ, ਦੂਸਰਾ ਸੁਭਮਨਦੀਪ ਸਿੰਘ, ਤੀਸਰਾ ਯਾਦਵਿੰਦਰ ਸਿੰਘ, ਅੰਡਰ 18 ਜੈਵਲੀਨ ਥ੍ਰੋ ਪਹਿਲਾ ਸਥਾਨ ਸਾਹਿਲਪ੍ਰੀਤ ਸਿੰਘ, ਦੂਸਰਾ ਪਾਲ ਸਿੰਘ, ਤੀਸਰਾ ਵੰਸਦੀਪ ਸਿੰਘ, ਸ਼ਾਟਪੁਟ ਅੰਡਰ 14 ਤੇ ਪਹਿਲੇ ਸਥਾਨ 'ਤੇ ਮਾਨਸ ਸਿੰਘ, ਦੂਸਰੇ 'ਤੇ ਐਭੀਜੋਤ ਸਿੰਘ, ਤੀਸਰੇ 'ਤੇ ਕਰਤਾਰ ਸਿੰਘ, ਸ਼ਾਟਪੁਟ ਅੰਡਰ 16 ਪਹਿਲੇ ਸਥਾਨ 'ਤੇ ਹਰ

20-Dec-PAGE-12.qxd 12/19/2023 10:40 PM Page 1

ਸ਼ਹਿਨਾਈਆਂ

ਬਚਿੱਤਰ ਸਿੰਘ ਚੌਲਾਂਗ ਦਾ ਸ਼ੁਭ ਵਿਆਹ ਸ਼ਹਿਨਾਜ਼ ਕੌਰ ਪਠਾਨਕੋਟ ਨਾਲ ਹੋਇਆ।

ਸੁਸ਼ੀਲ ਰਿੰਕੂ ਨੇ ਖੇਡ ਉਤਪਾਦਾਂ 'ਤੇ ਜੀ ਐਸ ਟੀ 18 ਤੋਂ ਘਟਾ ਕੇ 5 ਫੀਸਦੀ ਕਰਨ ਦਾ ਮੁੱਦਾ ਉਠਾਇਆ

ਜਲੰਧਰ, (ਸ਼ੈਲੀ ਐਲਬਰਟ)

ਜੀ.ਐਸ.ਟੀ. ਦੀਆਂ ਵਧਾਈਆਂ ਗਈਆਂ ਦਰਾਂ ਤੋਂ ਪ੍ਰਭਾਵਿਤ ਜਲੰਧਰ ਦੀ ਖੇਡ ਇੰਡਸਟਰੀ ਨੂੰ ਰਾਹਤ ਦਿਵਾਉਣ ਲਈ ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਪਾਸ ਖੇਡ ਉਤਪਾਦਾਂ 'ਤੇ ਜੀ.ਐਸ.ਟੀ. 18 ਤੋਂ ਘਟਾ ਕੇ 5 ਫੀਸਦੀ ਕਰਨ ਦਾ ਮੁੱਦਾ ਉਠਾਇਆ। ਸੰਸਦ ਮੈਂਬਰ ਨੇ ਕੇਂਦਰੀ ਵਿੱਤ ਮੰਤਰੀ ਨੂੰ ਖੇਡ ਉਤਪਾਦਾਂ 'ਤੇ ਜੀ.ਐਸ.ਟੀ. ਦੀ ਦਰ 18 ਫੀਸਦੀ ਤੋਂ ਘਟ ਕਰਕੇ 5 ਫੀਸਦੀ ਕਰਨ ਲਈ ਸਬੰਧਤ ਉਤਪਾਦਾਂ ਦੇ ਐਚ.ਐਸ.ਐਨ. ਕੋਡ ਸਮੇਤ ਵਿਸਥਾਰਿਤ ਬਿਓਰਾ ਸੌਂਪਿਆ। ਰਿੰਕੂ ਨੇ ਕਿਹਾ ਕਿ ਪਹਿਲਾਂ ਇਨ੍ਹਾਂ ਉਤਪਾਦਾਂ 'ਤੇ ਜੀ.ਐਸ.ਟੀ. ਦਰ 5 ਫੀਸਦੀ ਹੁੰਦੀ ਸੀ ਪਰ ਬਾਅਦ ਵਿੱਚ ਕੇਂਦਰ ਸਰਕਾਰ ਨੇ ਇਸ ਨੂੰ ਵਧਾ ਕੇ 18 ਫੀਸਦੀ ਕਰ ਦਿੱਤਾ, ਜਿਸ ਨਾਲ ਦੇਸ਼ ਭਰ ਵਿੱਚ ਮਸ਼ਹੂਰ ਜਲੰਧਰ ਦੀ ਸਪੋਰਟਸ ਇੰਡਸਟਰੀ ਲਈ ਮੁਸ਼ਕਲ ਪੈਦਾ ਹੋ ਗਈ ਹੈ। ਉਨ੍ਹਾਂ ਕਿਹਾ ਕਿ ਖੇਡ ਉਦਯੋਗ ਨੂੰ ਬਚਾਉਣ ਲਈ ਜੀ.ਐਸ.ਟੀ. ਦਰ ਨੂੰ ਨਿਆਂਸੰਗਤ ਬਣਾਉਣਾ ਸਮੇਂ ਦੀ ਮੰਗ ਹੈ, ਇਸ ਲਈ ਉਨ੍ਹਾਂ ਸਬੰਧਤ ਉਤਪਾਦਾਂ ਦੀ ਸੂਚੀ ਕੇਂਦਰੀ ਵਿੱਤ ਮੰਤਰੀ ਨੂੰ ਸੌਂਪੀ ਹੈ। ਜ਼ਿਕਰਯੋਗ ਹੈ ਕਿ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਵੱਲੋਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨਾਲ ਸਤੰਬਰ ਮਹੀਨੇ ਮੁਲਾਕਾਤ ਕੀਤੀ ਗਈ ਸੀ, ਜਿਸ ਵਿੱਚ ਜਲੰਧਰ ਸਪੋਰਟਸ ਇੰਡਸਟਰੀ ਦੀ ਸਮੱਸਿਆ ਉਨ੍ਹਾਂ ਦੇ ਸਾਹਮਣੇ ਰੱਖਦਿਆਂ ਖੇਡ ਉਦਯੋਗ 'ਤੇ ਜੀ.ਐਸ.ਟੀ. ਦੀ ਦਰ ਘੱਟ ਕਰਨ ਲਈ ਕਿਹਾ ਸੀ। ਹੁਣ ਲੋਕ ਸਭਾ ਮੈਂਬਰ ਵੱਲੋਂ ਵਿੱਤ ਮੰਤਰੀ ਨੂੰ ਲਗਭਗ ਡੇਢ ਦਰਜਨ ਉਤਪਾਦਾਂ ਦੇ ਐਚ.ਐਸ.ਐਨ. ਕੋਡ ਸੌਂਪੇ ਗਏ ਹਨ, ਜਿਨ੍ਹਾਂ 'ਤੇ ਜੀ.ਐਸ.ਟੀ. ਦਰ 18 ਫੀਸਦੀ ਤੋਂ ਘਟਾ ਕੇ 5 ਫੀਸਦੀ ਕਰਨ ਦੀ ਮੰਗ ਕੀਤੀ ਗਈ ਹੈ। ਸੰਸਦ ਮੈਂਬਰ ਨੇ ਕਿਹਾ ਕਿ ਜ਼ਿਆਦਾਤਰ ਖੇਡ ਉਤਪਾਦਾਂ ਦੀ ਵਰਤੋਂ ਸਕੂਲਾਂ ਵਿੱਚ ਬੱਚਿਆਂ ਤੇ ਗਰੀਬ ਵਰਗ ਵੱਲੋਂ ਕੀਤੀ ਜਾਂਦੀ ਹੈ ਅਤੇ ਜੀ.ਐਸ.ਟੀ. ਦੀ ਦਰ ਵਧਣ ਨਾਲ ਇਹ ਸਾਰੇ ਵਰਗ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਸਪੋਰਟਸ ਦਾ ਜ਼ਿਆਦਾਤਰ ਸਾਮਾਨ ਸਕੂਲਾਂ ਵਿੱਚ ਬੱਚਿਆਂ ਵੱਲੋਂ ਇਸਤੇਮਾਲ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਸਾਡੀ ਇੰਡਸਟਰੀ ਚੀਨ ਤੋਂ ਆਉਣ ਵਾਲੇ ਸਸਤੇ ਸਮਾਨ ਕਰਕੇ ਪਹਿਲਾਂ ਹੀ ਪ੍ਰੇਸ਼ਾਨ ਹੈ ਅਤੇ ਹੁਣ ਸਰਕਾਰ ਵੱਲੋਂ ਜੀ.ਐਸ.ਟੀ. ਦੀ ਦਰ ਵਧਾਉਣ ਕਾਰਨ ਇਹ ਚੁਣੌਤੀ ਹੋਰ ਵਧ ਜਾਵੇਗੀ। ਇਸ ਲਈ ਜਿਥੇ ਜੀ.ਐਸ.ਟੀ. ਦੀ ਦਰ ਘੱਟ ਕਰਨਾ ਖੇਡ ਉਦਯੋਗ ਲਈ ਜ਼ਰੂਰੀ ਹੈ ਉਥੇ ਆਮ ਲੋਕਾਂ ਨੂੰ ਵੀ ਇਸਦਾ ਫਾਇਦਾ ਹੋਵੇਗਾ। ਸੰਸਦ ਮੈਂਬਰ ਨੇ ਆਸ ਪ੍ਰਗਟ ਕੀਤੀ ਕਿ ਇਸ ਦਿਸ਼ਾ ਵਿੱਚ ਜਲਦ ਹੀ ਸਕਾਰਾਤਮਕ ਨਤੀਜੇ ਸਾਹਮਣੇ ਆਉਣਗੇ।

ਬੱਸ ਤੇ ਕਾਰ ਦੀ ਟੱਕਰ 'ਚ ਔਰਤ ਦੀ ਮੌਤ, ਤਿੰਨ ਜ਼ਖ਼ਮੀ

ਗੁਰਾਇਆ (ਬਿੰਦਰ ਸੁੰਮਨ)—ਗੁਰਾਇਆ ਤੋਂ ਡੱਲੇਵਾਲ ਫਾਟਕ ਨੂੰ ਜਾਣ ਵਾਲਾ ਚੌਰਾਹਾ ਇਕ ਵਾਰ ਫਿਰ ਖੂਨੀ ਚੌਰਾਹਾ ਸਾਬਤ ਹੋਇਆ ਹੈ। ਨਾ ਤਾਂ ਪ੍ਰਸ਼ਾਸਨ ਅਤੇ ਨਾ ਹੀ ਹਾਈਵੇਅ ਅਥਾਰਟੀ ਇਸ ਦੀ ਸੁਰੱਖਿਆ ਜਾਂ ਸਾਵਧਾਨੀ ਲਈ ਕੋਈ ਪ੍ਰਬੰਧ ਜਾਂ ਕਾਰਵਾਈ ਕਰ ਰਹੀ ਹੈ, ਜਿਸ ਕਾਰਨ ਲੋਕ ਆਪਣੀਆਂ ਕੀਮਤੀ ਜਾਨਾਂ ਗੁਆ ਰਹੇ ਹਨ। ਤਾਜ਼ਾ ਮਾਮਲਾ ਦੁਪਹਿਰ ਉਸ ਵੇਲੇ ਸਾਹਮਣੇ ਆਇਆ ਜਦੋਂ ਅਮਰੀਕਾ ਅਤੇ ਕੈਨੇਡਾ ਤੋਂ ਆਇਆ ਇਕ ਪਰਵਾਰ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿਸ ਵਿਚ ਇਕ ਐੱਨ.ਆਰ.ਆਈ. ਔਰਤ ਦੀ ਮੌਤ ਹੋ ਗਈ। ਹਾਦਸੇ 'ਚ ਜਖਮੀ ਹੋਏ ਅਵਤਾਰ ਸਿੰਘ ਸਹੋਤਾ ਅਤੇ ਅਸੀਸ ਕੌਰ ਸਹੋਤਾ ਨੇ ਦੱਸਿਆ ਕਿ ਉਹ ਕੈਨੇਡਾ ਤੋਂ ਆਏ ਹੋਏ ਹਨ ਅਤੇ ਇੱਥੋਂ ਦੇ ਪਿੰਡ ਫਲਪੋਤਾ ਦੇ ਵਸਨੀਕ ਹਨ। ਉਨ੍ਹਾਂ ਦੀ ਸਕਾਰਪੀਓ ਕਾਰ 'ਚ ਸਵਾਰ ਚਾਰ ਵਿਅਕਤੀ ਸਵਾਰ ਸਨ, ਜਿਨ੍ਹਾਂ 'ਚ ਉਨ੍ਹਾਂ ਦੀ ਭਰਜਾਈ ਅਵਤਾਰ ਕੌਰ (67) ਪਤਨੀ ਸੁੱਚਾ ਸਿੰਘ, ਭਰਾ ਸੁੱਚਾ ਸਿੰਘ ਪੁੱਤਰ ਜੋਗਿੰਦਰ ਸਿੰਘ ਜੋ ਕਿ ਅਮਰੀਕਾ ਤੋਂ ਆਏ ਹੋਏ ਸਨ, ਅਵਤਾਰ ਸਿੰਘ (77) ਪੁੱਤਰ ਜੋਗਿੰਦਰ ਸਿੰਘ, ਅਸੀਸ ਕੌਰ (70) ਪਤਨੀ ਅਵਤਾਰ ਸਿੰਘ ਮੌਜੂਦ ਸਨ। ਗੱਡੀ ਨੂੰ ਸੁੱਚਾ ਸਿੰਘ ਚਲਾ ਰਿਹਾ ਸੀ। ਜਦੋਂ ਉਹ ਗੁਰਾਇਆ ਤੋਂ ਡੱਲੇਵਾਲ ਫਾਟਕ ਵੱਲ ਸੜਕ ਪਾਰ ਕਰਨ ਲੱਗੇ ਤਾਂ ਉਸ ਦੀ ਸਕਾਰਪੀਓ ਗੱਡੀ ਲੁਧਿਆਣਾ ਤੋਂ ਗੁਰਾਇਆ ਵੱਲ ਆ ਰਹੀ ਪੀ.ਆਰ.ਟੀ.ਸੀ.ਦੀ ਬੱਸ ਨਾਲ ਟਕਰਾ ਗਈ, ਜਿਸ ਵਿਚ ਚਾਰੇ ਗੰਭੀਰ ਜਖਮੀ ਹੋ ਗਏ। ਉਨ੍ਹਾਂ ਨੂੰ ਫਗਵਾੜਾ ਦੇ ਇਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿੱਥੇ ਅਵਤਾਰ ਕੌਰ ਅਤੇ ਸੁੱਚਾ ਸਿੰਘ ਦੀ ਨਾਜੁਕ ਹਾਲਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਡੀ.ਐੱਮ.ਸੀ ਹਸਪਤਾਲ ਲੁਧਿਆਣਾ ਵਿਖੇ ਰੈਫਰ ਕਰ ਦਿੱਤਾ ਗਿਆ, ਇਸ ਦੌਰਾਨ ਅਵਤਾਰ ਕੌਰ ਸਹੋਤਾ ਦੀ ਰਸਤੇ ਵਿਚ ਹੀ ਮੌਤ ਹੋ ਗਈ। ਸੁੱਚਾ ਸਿੰਘ ਡੀ.ਐੱਮ.ਸੀ. ਹਸਪਤਾਲ ਅਤੇ ਅਵਤਾਰ ਸਿੰਘ ਫਗਵਾੜਾ ਦੇ ਹਸਪਤਾਲ ਵਿਚ ਦਾਖਲ ਹੈ।

ਬੱਡੋਂ ਵਿਖੇ ਸਾਲਾਨਾ 40ਵੇਂ ਫੁੱਟਬਾਲ ਟੂਰਨਾਮੈਂਟ ਸੰਬੰਧੀ ਪੋਸਟਰ ਰਿਲੀਜ਼

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਪਿੰਡ ਬੱਡੋਂ ਵਿਖੇ ਸਮੂਹ ਨਗਰ ਨਿਵਾਸੀਆਂ, ਗਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਚਾਰੇ ਸਾਹਿਬਜਾਦਿਆਂ ਨੂੰ ਸਮਰਪਿਤ ਅਤੇ ਸ਼ਹੀਦ ਬਾਬਾ ਕਰਮ ਸਿੰਘ ਦੀ ਨਿੱਘੀ ਯਾਦ ਵਿੱਚ ਅਤੇ ਮਹਾਂਦਾਨੀ ਕੁੰਦਨ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ ਰਜਿ ਬੱਡੋ ਹੁਸ਼ਿਆਰਪੁਰ ਵੱਲੋਂ ਸਾਲਾਨਾ 40ਵਾਂ ਫੁੱਟਬਾਲ ਟੂਰਨਾਮੈਂਟ 24 ਤੋਂ 31 ਦਸੰਬਰ ਤੱਕ ਕਰਵਾਇਆ ਜਾ ਰਿਹਾ ਹੈ। ਪ੍ਰਧਾਨ ਰਣਜੀਤ ਸਿੰਘ, ਡਾਕਟਰ ਸੁਖਦੇਵ ਸਿੰਘ ਖਜਾਨਚੀ ਨੇ ਦੱਸਿਆ ਕਿ ਟੂਰਨਾਮੈਂਟ ਸਬੰਧੀ ਪੋਸਟਰ ਰਿਲੀਜ ਕੀਤੇ ਗਏ। 24 ਦਸੰਬਰ ਨੂੰ ਸਵੇਰੇ 10 ਵਜੇ ਸੰਤ ਬਾਬਾ ਗੁਰਚਰਨ ਸਿੰਘ ਬੱਡੋਂ ਅਤੇ ਜਸਵੀਰ ਸਿੰਘ ਅਜਨੋਹਾ ਅਰਦਾਸ ਹੋਣ ਤੋਂ ਬਾਅਦ ਰੀਬਨ ਕੱਟ ਕੇ ਉਦਘਾਟਨ ਕਰਨਗੇ। 31 ਦਸੰਬਰ ਨੂੰ ਫਾਈਨਲ ਮੈਚ ਕਰਵਾਏ ਜਾਣਗੇ। ਮੁੱਖ ਮਹਿਮਾਨ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ, ਤਰਲੋਚਨ ਸਿੰਘ ਪਰਮਾਰ ਕਨੇਡਾ ਸਾਂਝੇ ਤੌਰ 'ਤੇ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਨਗੇ। ਇਸ ਮੌਕੇ ਸਰਬਪ੍ਰੀਤ ਸਿੰਘ ਸੋਨੂੰ ਸੈਕਟਰੀ, ਹਰਦੀਪ ਸਿੰਘ ਖਾਲਸਾ, ਨਵਨੀਤ ਸਿੰਘ ਹੈਪੀ, ਤਰਲੋਚਨ ਸਿੰਘ ਪਰਮਾਰ ਕਨੇਡਾ, ਬਲਵੀਰ ਸਿੰਘ ਧਰਮੀ ਫੌਜੀ, ਇੰਦਰਪਾਲ ਸਿੰਘ ਧਰਮੀ ਫੌਜੀ, ਅਮਰੀਕ ਸਿੰਘ, ਸੂਬੇਦਾਰ ਹਰਵਿੰਦਰ ਸਿੰਘ, ਹਰਦੇਵ ਸਿੰਘ, ਅਤੇ ਦਲਜੀਤ ਸਿੰਘ, ਹਰਵਿੰਦਰ ਸਿੰਘ, ਮੱਖਣ ਸਿੰਘ ਆਦਿ ਹਾਜਰ ਸਨ।

ਗੁ. ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਸਵੀਂ ਦਾ ਦਿਹਾੜਾ 22 ਨੂੰ

(ਗੁਰਜੀਤ ਬਿੱਲਾ)-ਐੱਸ.ਏ.ਐੱਸ ਨਗਰ : ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਸ਼ੁੱਭ ਦਿਹਾੜਾ 22 ਦਸੰਬਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ । ਇਸ ਦਿਨ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਇਸ ਉਪਰੰਤ ਭਾਈ ਅਮਨਦੀਪ ਸਿੰਘ ਅਤੇ ਭਾਈ ਜਗਤੇਸ਼ਵਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਭਾਈ ਗੁਰਵਿੰਦਰ ਸਿੰਘ ਹਜ਼ੂਰੀ ਰਾਗੀ ਤਖਤ ਸ੍ਰੀ ਕੇਸਗੜ੍ਹ ਸਾਹਿਬ, ਭਾਈ ਦਿਲਬਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ, ਭਾਈ ਸੁਖਵਿੰਦਰ ਸਿੰਘ ਗੁਰਦੁਆਰਾ ਸ੍ਰੀ ਨਾਭਾ ਸਾਹਿਬ ਭਾਈ ਰਾਜਿੰਦਰ ਸਿੰਘ ਕਾਰਨਾਲ ਵਾਲੇ, ਬੀਬੀ ਜਸਵੀਰ ਕੌਰ ਜੱਸ ਅਤੇ ਸੁਲਤਾਨਪੁਰ ਲੋਧੀ ਵਾਲੀਆਂ ਬੀਬੀਆਂ ਦਾ ਇੰਟਰਨੈਸ਼ਨਲ ਢਾਡੀ ਜੱਥਾ ਅਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ । ਇਸ ਦਿਨ ਵਿਸ਼ਾਲ ਅੰਮ੍ਰਿਤ ਸੰਚਾਰ ਦਾ ਆਯੋਜਨ ਸਵੇਰੇ 10 ਵਜੇ ਕੀਤਾ ਜਾਵੇਗਾ।

ਵੈਲਡਿੰਗ ਵਰਕਸ ਦੀ ਦੁਕਾਨ 'ਚੋਂ ਚੋਰੀ

ਗੁਰਾਇਆ (ਬਿੰਦਰ ਸੁੰਮਨ)

ਇਲਾਕੇ ਵਿੱਚ ਦਿਨ ਬ ਦਿਨ ਚੋਰੀਆਂ ਦੀ ਭਰਮਾਰ ਹੋ ਰਹੀ ਹੈ, ਚੋਰ ਰੋਜ਼ਾਨਾ ਹੀ ਬਿਨਾਂ ਕਿਸੇ ਡਰ ਤੋਂ ਚੋਰੀ ਦੀ ਵਾਰਦਾਤ ਨੂੰ ਅੰਜ਼ਾਮ ਦੇ ਰਹੇ ਹਨ। ਬੀਤੀ ਰਾਤ ਚੋਰਾਂ ਨੇ ਗੁਰਾਇਆ ਬੜਾ ਪਿੰਡ ਰੋਡ ਸਥਿਤ ਸੁੰਮਨ ਵੈਲਡਿੰਗ ਵਰਕਸ ਦੀ ਦੁਕਾਨ ਦੀ ਕੰਧ ਨੂੰ ਸੰਨ ਲਾ ਕੇ ਹਜ਼ਾਰਾਂ ਰੁਪਏ ਦੇ ਸਮਾਨ ਅਤੇ ਨਗਦੀ 'ਤੇ ਆਪਣਾ ਹੱਥ ਸਾਫ ਕੀਤਾ। ਦੁਕਾਨ ਦੇ ਮਾਲਕ ਮਦਨ ਲਾਲ ਪੁੱਤਰ ਗੁਰਬਖ਼ਸ਼ ਰਾਮ ਵਾਸੀ ਕਮਾਲਪੁਰ ਨੇ ਦੱਸਿਆ ਕਿ ਉਨਾਂ ਨੂੰ ਚੋਰੀ ਦਾ ਉਸ ਸਮੇਂ ਪਤਾ ਲੱਗਾ ਜਦੋਂ ਰੋਜ਼ਾਨਾ ਦੀ ਤਰ੍ਹਾਂ ਸਵੇਰੇ ਦੁਕਾਨ ਖੋਲਣ ਲੱਗੇ ਤਾਂ ਦੇਖਿਆ ਕਿ ਚੋਰ ਕੰਧ ਪਾੜ ਕੇ ਉਨਾਂ ਦੀ ਦੁਕਾਨ ਅੰਦਰੋਂ ਵਿਲਡਿੰਗ ਸੈਟ, 10 ਹਜ਼ਾਰ ਰੁਪਏ ਨਗਦੀ ਅਤੇ ਹੋਰ ਕੀਮਤੀ ਸਮਾਨ ਲੈ ਗਏ, ਇਸ ਸਬੰਧੀ ਗੁਰਾਇਆ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ। ਮੌਕੇ 'ਤੇ ਪੁੱਜੇ ਥਾਣਾ ਗੁਰਾਇਆ ਦੇ ਏ.ਐਸ.ਆਈ ਹਰਭਜਨ ਸਿੰਘ ਗਿੱਲ ਨੇ ਚੋਰੀ ਦਾ ਜ਼ਾਇਜਾ ਲਿਆ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ। ਚੋਰਾਂ ਵਲੋਂ ਨਾਲ ਦੀਆਂ ਦੁਕਾਨਾਂ ਨੂੰ ਵੀ ਸੰਨ ਲਾਉਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਹੇ। ਦੁਕਾਨਦਾਰਾਂ ਨੇ ਪੁਲਸ ਪਾਸੋਂ ਮੰਗ ਕੀਤੀ ਕਿ ਰਾਤ ਸਮੇਂ ਗਸ਼ਤ ਨੂੰ ਵਧਾਇਆ ਜਾਵੇ।

ਡੇਰਾ ਸੰਤ ਸੀਤਲ ਦਾਸ ਬੋਹਣ ਵੱਲੋਂ ਨਵੇਂ ਸਾਲ ਦਾ ਕੈਲੰਡਰ ਜਾਰੀ

ਹੁਸ਼ਿਆਰਪੁਰ (ਓ ਪੀ ਰਾਣਾ)

ਡੇਰਾ 108 ਸੰਤ ਸੀਤਲ ਦਾਸ ਜੀ ਬੋਹਣ ਵਿਖੇ ਸੰਗਤਾਂ ਦੇ ਭਾਈ ਇਕੱਠ ਵਿਚ ਡੇਰੇ ਦੇ ਮੌਜੂਦਾ ਸੰਚਾਲਕ ਸੰਤ ਸਰਵਣ ਦਾਸ ਜੀ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ) ਪੰਜਾਬ ਵਲੋਂਰੇ ਦਾ ਨਵੇਂ ਸਾਲ ਦਾ ਸੁੰਦਰ ਕੈਲੰਡਰ ਜਾਰੀ ਕੀਤਾ। ਇਸ ਮੌਕੇ ਸੰਗਤਾਂ ਨੇ "ਬੋਲੇ ਸੋ ਨਿਰਭੈ ਸਤਿਗੁਰੂ ਰਵਿਦਾਸ ਮਹਾਰਾਜ ਕੀ ਜੈ" ਜੈਕਾਰੇ ਲਾ ਕੇ ਸਵਾਗਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਜਾਏ ਦੀਵਾਨਾਂ ਨੂੰ ਸੰਬੋਧਨ ਕਰਦਿਆਂ ਸੰਤ ਸਰਵਣ ਦਾਸ ਜੀ ਨੇ ਦੱਸਿਆ ਕਿ ਹਰ ਸਾਲ ਦੀ ਤਰਾਂ ਡੇਰਾ ਸੰਤ ਸੀਤਲ ਬੋਹਣ ਦਾ ਨਵੇਂ ਸਾਲ ਦਾ ਕੈਲੰਡਰ ਜਾਰੀ ਕੀਤਾ ਗਿਆ ਹੈ ਜਿਸ ਵਿਚ ਅੰਗਰੇਜ਼ੀ ਮਹੀਨਿਆਂ ਦੇ ਨਾਲ ਨਾਲ ਪੁਰਾਤਨ ਦੇਸੀ ਮਹੀਨਿਆਂ ਦਾ ਵੇਰਵਾ,ਸੰਗਰਾਂਦ, ਪੁੰਨਿਆ, ਮੱਸਿਆ ਅਤੇ ਦਿਨ ਤਿਓਹਾਰਾਂ ਦਾ ਵੇਰਵਾ ਦਿੱਤਾ ਗਿਆ ਹੈ। ਉਨਾਂ ਦੱਸਿਆ ਕਿ ਇਸ ਸੁੰਦਰ ਕੈਲੰਡਰ ਦੀ ਸੇਵਾ ਐਸ ਆਈ ਜੋਗ ਰਾਜ ਚੋਪੜਾ ਕਰਾੜੀ ਨੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕੀਤੀ ਹੈ। ਇਸ ਮੌਕੇ ਡੇਰੇ ਦੇ ਸੇਵਾਦਾਰ ਲਵਪ੍ਰੀਤ ਬੋਹਣ, ਓ ਪੀ ਰਾਣਾ,ਜੋਗ ਰਾਜ ਚੋਪੜਾ, ਭਾਈ ਸਾਹਿਬ ਸਿੰਘ ਸੋਨੂੰ,ਬਾਬਾ ਸ਼ਿਵ ਨਰਾਇਣ,ਗਿਆਨੀ ਗੁਰਬਚਨ ਸਿੰਘ, ਰਾਮ ਭੱਜ ਸੁਰੀਲਾ ਕਰਾੜੀ, ਲੰਬੜਦਾਰ ਹਰਭਜਨ ਕਰਾੜੀ, ਲੇਖ ਰਾਜ ਕਰਾੜੀ,ਰਤਨ ਚੰਦ ਪਿੱਪਲਾਂਵਾਲਾ, ਗਿਆਨੀ ਗੁਰਮੇਲ ਸਿੰਘ ਰਾਜਪੁਰ ਭਾਈਆਂ, ਗਿਆਨੀ ਦਲਜੀਤ ਸਿੰਘ, ਗਿਆਨੀ ਰਵਿੰਦਰ ਸਿੰਘ ਹਰਮੋਏਂ ,ਮਾਧੋ ਰਾਮ ਕਰਾੜੀ, ਪ੍ਰੀਤਮ ਦਾਸ ਸੇਵਾ ਮੁਕਤ ਮੈਨੇਜਰ, ਹੈਰੀ ਬੋਹਣ, ਜਨਕ ਰਾਜ ਬੱਧਣ, ਹਰਿਸ਼ ਬੋਹਣ,ਅਮਰਜੀਤ ਸਿੰਘ ਡੀਗਰੀਆਂ, ਕਰਨੈਲ ਸਿੰਘ,ਹਰਬਖਸ਼ ਕੌਰ,ਕਮਲਜੀਤ ਕੌਰ,ਜਸਵੀਰ ਕੌਰ,ਸੁਖਵਿੰਦਰ ਕੌਰ,ਕਮਲਜੀਤ ਕੌਰ,ਪੁਸ਼ਪਾ ਦੇਵੀ,ਨੀਲਮ ਰਾਣੀ ਵੀ ਹਾਜਰ ਸਨ।

ਮਹਿਰੋਲੀ 'ਚ ਜਨ-ਸੁਣਵਾਈ ਕੈਂਪ ਭਲਕੇ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)

ਆਮ ਲੋਕਾਂ ਦੀਆਂ ਮੁਸ਼ਕਿਲਾ/ਸਮੱਸਿਆਵਾਂ ਦਾ ਨਿਯਮਾਂ ਅਨੁਸਾਰ ਉਨ੍ਹਾਂ ਦੇ ਘਰਾਂ ਦੇ ਨੇੜੇ ਕੈਂਪ ਲਗਾ ਕੇ ਨਿਪਟਾਰਾ ਕਰਨ ਲਈ ਵਿਸ਼ੇਸ਼ ਜਨ ਸੁਣਵਾਈ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ। 21 ਦਸੰਬਰ ਨੂੰ ਮਥੁਰਾ, ਲੰਗਮਜਾਰੀ ਤੇ ਮਹਿਰੋਲੀ ਦੇ ਕਮਿਊਨਿਟੀ ਸੈਂਟਰ ਵਿੱਚ ਡਿਪਟੀ ਮਿਸ਼ਨਰ ਡਾ.ਪ੍ਰੀਤੀ ਯਾਦਵ ਦੀ ਅਗਵਾਈ ਵਿੱਚ ਲਗਾਏ ਜਾ ਰਹੇ ਵਿਸ਼ੇਸ਼ ਕੈਂਪ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਹੱਲ ਕੀਤੀਆ ਜਾਣਗੀਆਂ। ਮਨਦੀਪ ਸਿੰਘ ਢਿੱਲੋਂ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਦੀਆਂ ਸਮੱਸਿਆਵਾ ਉਨ੍ਹਾਂ ਦੇ ਘ